ਦਸੰਬਰ 2002

# ਅੰਮ੍ਰਿਤ ਕੀਰਤਨ

# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ

ਅੰਕ 12 ♦ ਸਾਲ ਚੌਦਵਾਂ ♦ ਦਸੰਬਰ 2002

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**
ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ**
**ਸ. ਉੱਤਮ ਸਿੰਘ**

| | | |
|---|---|---|
| ਮਿਤ੍ਰੂ ਅਸਾਡੜੇ ਸੇਈ | 2 | *ਪਾਠਕਾਂ ਦੇ ਪੱਤਰ* |
| ਕਰਉ ਬੇਨੰਤੀਆ | 4 | *ਸੰਪਾਦਕੀ* |
| ਗੁਰੂ ਦੇ ਪ੍ਰੇਮ ਦਾ ਰਸ ਮਾਨਣ ਲਈ ਪਉੜੀਆਂ | 5 | ਭਗਵੰਤ ਸਿੰਘ ਦਲਾਵਰੀ |
| ਸੀਸ ਦੀਆ-ਸਿਰੜ ਨਾ ਦੀਆ | 8 | ਮਨਮੋਹਨ ਸਿੰਘ ਦਾਊਂ |
| ਖਾਲਸਾ ਪੰਥ ਕੁਝ ਲੋਕਾਂ ਦੀਆਂ ਚਾਲਾਂ ਤੋਂ ਬਚੇ | 9 | ਜੋਗਿੰਦਰ ਸਿੰਘ |
| ਗੁਰਮਤਿ ਪ੍ਰਚਾਰ ਲਈ ਸਮੱਸਿਆਵਾਂ | 11 | ਸਤਨਾਮ ਸਿੰਘ ਖਾਲਸਾ ਐਡਵੋਕੇਟ |
| ਜਿਨ੍ਹਾਂ ਗੁਰਦੁਆਰਿਆਂ ਗੁਰਧਾਮਾਂ ਤੋਂ ਪੰਥ ਵਿਛੜ ਗਿਆ | 13 | ਪ੍ਰੋ. ਨਰਿੰਦਰ ਸਿੰਘ |
| Is Indian Classical Music Dying | 16 | Mohan Nadkarni |
| ਸੁਰ ਲਿਪੀਆਂ | 25 | ਕਸ਼ਮੀਰ ਸਿੰਘ |
| ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ | 27 | ਮਨਮੋਹਨ ਸਿੰਘ |

▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ।
ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91
ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
▲ Donations are eligible for relief u/s 80 G of Income-Tax Act, 1961
vide CIT/ CHD/ Tech./ 80-G/ 911 dated 23/05/2002 valid upto 31/03/2004

**ਚੰਦੇ ਦਾ ਵੇਰਵਾ :**
▲ **ਦੇਸ਼:** ਇਕ ਕਾਪੀ 15 ਰੁ., ਸਲਾਨਾ 150 ਰੁ., ਜੀਵਨ ਮੈਂਬਰ 1500 ਰੁ.
▲ **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ 300 $
▲ 'ਅੰਮ੍ਰਿਤ ਕੀਰਤਨ' ਲਈ ਡਰਾਫਟ
'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
**ਫੋਨ** : 0172-701396, 713915

e-mail: drjagirsingh@rediffmail.com

**ਰਚਨਾਵਾਂ ਭੇਜਣ ਲਈ ਪਤਾ :**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
**ਫੋਨ** : 0172-772660

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,
ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ
422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

COMPUTER TYPE SETTING
sohal specials
Designers & Printers
Phone: 0172 - 391443

# ਮਿਤ੍ਰ ਅਸਾਡੜੇ ਸੇਈ

♦ ਗੁਰਮਤਿ ਸੰਗੀਤ ਦੀ ਕਰਤਾਰੀ ਕਲਾ ਦੇ ਉਸਤਾਦ ਪ੍ਰੋ. ਕਰਤਾਰ ਸਿੰਘ ਜੀ ਬਾਰੇ ਲੇਖ (ਉਨ੍ਹਾਂ ਦੀ ਪੁਸਤਕ ਗੁਰਮਤਿ ਸੰਗਤ ਦਰਪਣ ਜੋ ਦਾਸ ਨੇ ਪੜ੍ਹੀ ਹੈ। ਰਾਗੀ ਸਿੰਘਾਂ ਤੇ ਵਿਦਿਆਰਥੀਆਂ ਲਈ ਬਹੁਤ ਹੀ ਕਾਬਿਲੇ ਤਾਰੀਫ ਹੈ) ਵਲੋਂ ਡਾ. ਗੁਰਮੀਤ ਸਿੰਘ ਬੈਦਵਾਨ, ਪੰਜਾ ਪਹਾੜ ਤੇ ਚਸ਼ਮਾ ਕਵਿਤਾ ਵਲੋਂ ਮਨਮੋਹਨ ਸਿੰਘ ਦਾਊਂ, ਕੀਰਤਨ ਬਾਰੇ ਲੇਖ ਵਲੋਂ ਸਰਦਾਰ ਬਹਾਦਰ ਸਿੰਘ ਸੇਠੀ ਜੀ ਦਿੱਲੀ ਜੋ ਵਧੀਆ ਖੋਜ ਭਰਪੂਰ ਸੀ।

*- ਪ੍ਰੋ. ਮੰਗਤ ਸਿੰਘ ਮਸਤਾਨਾ, ਮਾਰਫਤ ਅਸ਼ੋਕ ਰਿਫਰੈਸ਼ਮੈਂਟ, ਮੰਡੀ ਹਰਜੀ ਰਾਮ, ਮਲੋਟ 152 107 ਮੁਕਤਸਰ*

♦ 'ਅੰਮ੍ਰਿਤ ਕੀਰਤਨ' ਨਵੰਬਰ ਦੀ ਕਾਪੀ ਮੇਰੇ ਹੱਥਾਂ ਵਿਚ ਹੈ, ਆਪ ਜੀ ਦੀ ਸੰਪਾਦਕੀ 'ਕਰਉ ਬੇਨੰਤੀਆ' ਪੜ੍ਹ ਕੇ ਖੁਸ਼ੀ ਹੋਈ ਕਿ ਦਾਸ ਵੀ ਆਪ ਜੀ ਦੀ ਤਰ੍ਹਾਂ ਕਈ ਪ੍ਰੋਜੈਕਟਾਂ ਵਿਚ ਰੁੱਝਿਆ ਰਹਿੰਦਾ ਹੈ ਅਤੇ ਇਹੋ ਕੋਸ਼ਿਸ਼ ਰਹਿੰਦੀ ਹੈ ਅਤੇ ਅਰਦਾਸ ਵੀ ਕਿ ਹਰ ਪਾਸੇ ਕਾਮਯਾਬੀ ਮਿਲੇ ਤੇ ਅਵੱਲ ਸਫਾਂ 'ਤੇ ਪੁੱਜ ਸਕਾਂ। ਆਪ ਜੀ ਨੇ ਆਪਣੇ ਪਾਸ ਬਹੁਤ ਸਾਰੀਆਂ ਪੁਸਤਕਾਂ ਦੀ ਗੱਲ ਕੀਤੀ ਹੈ। ਇੱਥੇ ਵੀ ਇਹੋ ਹੀ ਹਾਲ ਹੈ ਜਿਹੜੀ ਪੁਸਤਕ ਡਾਕਟਰੀ ਦੀ ਤੇ ਸਿਹਤ ਬਾਰੇ ਛਪੀ ਤੇ ਨਵੀਂ ਜਾਣਕਾਰੀ ਦੇਵੇ ਮੈਂ ਲੈ ਆਉਂਦਾ ਹਾਂ, ਸਾਰੀ ਪੜ੍ਹੀ ਜਾਵੇ ਜਾਂ ਨਾਹ ਪਰ ਵੇਲੇ ਕਵੇਲੇ Reference ਲਈ ਬੜੀ ਸਹਾਈ ਹੁੰਦੀ ਹੈ ਤੇ ਪੜ੍ਹ ਕੇ ਬੇਹੱਦ ਖੁਸ਼ੀ ਤੇ ਤਸੱਲੀ ਮਿਲਦੀ ਹੈ। ਬਚਪਨ ਵਿਚ ਇਕ ਅੰਗਰੇਜ਼ੀ ਦੀ Poem ਪੜ੍ਹੀ ਸੀ ਜਿਸ ਵਿਚ ਕਵੀ ਨੇ ਕਿਤਾਬਾਂ ਨੂੰ ਇਹ ਕਿਹਾ ਸੀ ਕਿ ਕਈ ਹਸਤੀਆਂ ਅਤੇ ਕਈ ਬੜੇ ਬੜੇ ਵਿਦਵਾਨ ਲਾਇਬ੍ਰੇਰੀਆਂ ਦੇ ਸ਼ੈਲਫਾਂ ਵਿਚ 'ਬੈਠੇ' ਇਹ 'ਉਡੀਕ' ਕਰ ਰਹੇ ਹੁੰਦੇ ਹਨ ਕਿ ਜਦੋਂ ਕੋਈ ਸ਼ੌਕੀਨ ਵਿਅਕਤੀ ਆਵੇ ਤੇ ਸਾਡੇ ਬਾਰੇ ਜਾਣਕਾਰੀ ਲਵੇ ਤੇ ਸਾਨੂੰ ਯਾਦ ਕਰੇ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕਰਕੇ ਇਕ ਕਰਾਮਾਤ ਕਰ ਵਖਾਈ ਹੈ ਅਤੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਹ ਹੁਕਮ ਕਰਕੇ ਕਿ 'ਗੁਰੂ ਮਾਨਿਓ ਗ੍ਰੰਥ' ਹੋਰ ਹੀ ਕਮਾਲ ਕਰ ਦਿੱਤੀ ਹੈ। ਇਹ ਇਕ ਲਾਸਾਨੀ 'ਗੁਰੂ-ਰੂਪੀ' ਗ੍ਰੰਥ ਸਾਹਿਬ ਸਾਡੇ ਲਈ ਇਕ ਪੂਰਨ ਗੁਰੂ ਦੀ ਅਦੁੱਤੀ ਦਾਤ ਦੇ ਦਿੱਤੀ ਹੈ। ਸਾਨੂੰ ਹੁਣ ਹੋਰ ਕਿਸੇ ਗੁਰੂ ਦੀ ਲੋੜ ਨਹੀਂ।

*- ਡਾ. ਤੇਜਪਾਲ ਸਿੰਘ ਚਾਵਲਾ, 1363, ਸੈਕਟਰ 40-ਬੀ, ਚੰਡੀਗੜ੍ਹ*

♦ ਆਪ ਜੀ ਵਲੋਂ ਭੇਜੀ ਹੋਈ ਸਤੰਬਰ 2002 ਅੰਕ ਦੀ ਇਕ ਕਾਪੀ ਪ੍ਰਾਪਤ ਹੋਈ। ਪੜ੍ਹ ਕੇ ਮਨ ਖੁਸ਼ ਹੋ ਗਿਆ। ਮਾਸਿਕ ਪੱਤਰ ਸਤੰਬਰ 2002 ਦੋ ਭਾਸ਼ੀ (ਅੰਗਰੇਜ਼ੀ ਅਤੇ ਪੰਜਾਬੀ) ਹੈ ਪਰੰਤੂ ਇਸ ਉਤੇ ਅੰਕਿਤ ਸ਼ਬਦ 'ਤ੍ਰੈ-ਭਾਸ਼ੀ' ਦੀ ਸਮਝ ਨਹੀਂ ਆਈ।

'ਅੰਮ੍ਰਿਤ ਕੀਰਤਨ' ਮਾਸਿਕ ਪੱਤਰ ਦੀ ਸ਼ੁਰੂਆਤ ਵਿਸ਼ੇਸ਼ ਕਰਕੇ ਸਿੱਖ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ। ਗੁਰਮਤਿ ਮਾਰਗ ਉਤੇ ਤੁਰਨ ਅਤੇ ਤੋਰਨ ਦੀ ਪ੍ਰੇਰਣਾ ਦੇਣ ਵਾਲੇ ਬਹੁਤ ਸਾਰੇ ਰਸਾਲੇ ਉਪਲਬਧ ਹਨ ਪਰੰਤੂ ਗੁਰਮਤਿ ਸੰਗੀਤ ਸਬੰਧੀ ਖੋਜ ਭਰਪੂਰ ਜਾਣਕਾਰੀ ਦੇਣ ਵਾਲਾ, ਪੰਜਾਬੀ ਜਗਤ ਵਿਚ ਸ਼ਾਇਦ ਇਹ ਪ੍ਰਥਮ ਪ੍ਰਯਤਨ ਹੈ। ਇਸ ਰੰਗ ਬਿਰੰਗੇ ਗੁਲਦਸਤੇ ਵਿਚ, ਵੰਨ ਸੁਵੰਨੀਆਂ ਮਹਿਕਾਂ ਵੰਡਦੇ, ਕਈ ਪ੍ਰਕਾਰ ਦੇ ਗਿਆਨ ਵਰਧਕ ਲੇਖ ਹਨ। ਮੇਰੀ ਜਾਚੇ ਇਹ ਕੇਵਲ ਲੇਖ ਹੀ ਨਹੀਂ ਸਗੋਂ ਮਹਾਨ ਵਿਦਵਾਨਾਂ ਦੀ ਜੀਵਨ ਭਰ ਦੀ ਖੋਜ, ਤਜਰਬੇ ਅਤੇ ਘਾਲਣਾ ਦਾ ਸਾਰ ਤੱਤ ਹਨ ਜੋ ਸੰਗੀਤ ਪ੍ਰੇਮੀਆਂ/ਪਾਠਕਾਂ ਨੂੰ ਸਮੁੱਚੀ ਅਗਵਾਈ ਕਰਕੇ ਉਨ੍ਹਾਂ ਦੀ ਕਾਇਆ ਕਲਪ ਸਕਦੇ ਹਨ। ਕਾਗਜ ਅਤੇ ਛਪਾਈ ਵੀ ਵਧੀਆ ਹੈ। ਨਿਰਸੰਦੇਹ 'ਅੰਮ੍ਰਿਤ ਕੀਰਤਨ' ਇਕ ਉਚੇ ਚਾਨਣ ਮੁਨਾਰੇ ਵਾਂਗ, ਗੁਰਮਤਿ ਦੀ ਸਾਂਤ ਰੋਸ਼ਨੀ ਦੇਸ਼-ਪ੍ਰਦੇਸ਼ ਵਿਚ ਪ੍ਰਦਾਨ ਕਰ ਰਿਹਾ ਹੈ। ਸਤਿਗੁਰੂ ਜੀ ਕਿਰਪਾ ਕਰਨ ਇਹ ਰਸਾਲਾ, ਸਮੇਤ ਸਮੁੱਚਾ ਸੰਪਾਦਕੀ ਮੰਡਲ ਸਦੀਵੀ ਚੜ੍ਹਦੀ ਕਲਾ ਵਿਚ ਰਹੇ। ਇਸ ਪੱਖ ਤੋਂ ਡਾ. ਜਗੀਰ ਸਿੰਘ ਵਧਾਈ ਦੇ ਪਾਤਰ ਹਨ।

*- ਡਾ. ਰਛਪਾਲ ਸਿੰਘ, ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਖੇਤਰੀ ਖੋਜ ਕੇਂਦਰ, ਗੁਰਦਾਸਪੁਰ 143 521*

♦ ਦਾਸ ਇਸ ਵਾਰ ਜਰਮਨ, ਅਮਰੀਕਾ ਅਤੇ ਇੰਗਲੈਂਡ ਤੋਂ ਸਵਾ ਸਾਲ ਦੀ ਕੀਰਤਨ ਯਾਤਰਾ ਤੋਂ ਵਾਪਸ ਪਰਤਿਆ ਤਾਂ ਆਪ ਦੇ ਐਕਸੀਡੈਂਟ ਦਾ ਪਤਾ ਲੱਗਾ। ਖੁਸ਼ੀ ਹੋਈ ਕਿ ਆਪ ਹੁਣ ਕਾਫੀ ਠੀਕ ਹੋ। 'ਅੰਮ੍ਰਿਤ ਕੀਰਤਨ' ਦੀ ਆਰਥਿਕ ਹਾਲ ਬਾਰੇ ਪਤਾ ਲੱਗਾ। ਕੀਰਤਨ ਦੀ ਜਾਣਕਾਰੀ ਦੇਣ ਵਾਲਾ ਇਹ ਇਕੋ ਇਕ ਮੈਗਜ਼ੀਨ ਹੈ ਇਹ ਲਗਾਤਾਰ

ਚਲਦਾ ਰਹਿਣਾ ਚਾਹੀਦਾ ਹੈ। ਕੁਝ ਮਾਇਆ ਭੇਜ ਰਿਹਾ ਹਾਂ। ਹੋਰ ਵੀ ਭੇਜਦਾ ਰਹਾਂਗਾ।

*- ਕਰਮ ਸਿੰਘ ਰਤਨ, 3121, ਗਲੀਤ, ਨਿਊ ਸ਼ਿਮਲਾ ਕਲੋਨੀ, ਨੇੜੇ ਕੈਲਾਸ਼ਨਗਰ, ਲੁਧਿਆਣਾ*

♦ 'ਅੰਮ੍ਰਿਤ ਕੀਰਤਨ' ਬਾ ਦਸਤੂਰ ਮਿਲ ਰਿਹਾ ਹੈ। ਆਪਣੀ ਵੰਨਗੀ ਦਾ ਇਹ ਵਾਹਿਦ ਰਸਾਲਾ ਹੈ। ਇਸ ਨੂੰ ਔਖੇ ਸੌਖੇ ਜਾਰੀ ਰੱਖੋ।

*- ਹਰਜਾਪ ਸਿੰਘ ਔਜਲਾ, ਨਿਊਜਰਸੀ, ਅਮਰੀਕਾ*

## ਹਾਂਗਕਾਂਗ 'ਚ ਬੱਚਿਆਂ ਵਲੋਂ ਅਵਤਾਰ ਪੁਰਬ ਧੂਮ-ਧਾਮ ਨਾਲ ਮਨਾਇਆ

ਪਿਛਲੇ ਦਿਨੀਂ 26 ਅਕਤੂਬਰ ਸ਼ਾਮ ਨੂੰ ਖਾਲਸਾ ਦੀਵਾਨ ਵਿਖੇ ਛੋਟੇ ਛੋਟੇ ਬੱਚਿਆਂ ਨੇ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦਾ ਅਵਤਾਰ ਪੁਰਬ ਬੜੀ ਧੂਮ ਧਾਮ ਨਾਲ ਮਨਾਇਆ। ਇਸ ਮੌਕੇ 'ਤੇ ਬੱਚਿਆਂ ਵਲੋਂ ਖਾਸ ਤੌਰ 'ਤੇ ਪ੍ਰੋਗਰਾਮ ਉਲੀਕੇ ਗਏ ਸਨ। ਸਭ ਤੋਂ ਪਹਿਲਾਂ ਸਾਰਿਆਂ ਬੱਚਿਆਂ ਨੇ ਰਲ ਮਿਲ ਕੇ ਸ੍ਰੀ ਰਹਿਰਾਸ ਸਾਹਿਬ ਦੇ ਪਾਠ ਕੀਤੇ। ਉਪਰੰਤ ਬੱਚੀ ਗੁਰਿੰਦਰ ਕੌਰ ਨੇ ਆਰੰਭਤਾ ਦੀ ਅਰਦਾਸ ਕੀਤੀ। ਬੱਚੀ ਰਾਜਵਿੰਦਰ ਨੇ ਸਟੇਜ ਸੰਭਾਲਦਿਆਂ ਹੋਇਆਂ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ 'ਤੇ ਵੱਖ ਵੱਖ ਪਹਿਲੂਆਂ ਤੋਂ ਝਾਤ ਪਾਈ। ਬੱਚੀ ਮਨਪ੍ਰੀਤ ਕੌਰ ਨੇ ਆਈ ਹੋਈ ਸੰਗਤ ਨੂੰ ਵਾਹਿਗੁਰੂ ਦੇ ਸਿਮਰਨ ਨਾਲ ਜੋੜਿਆ। ਉਪਰੰਤ ਬੱਚੀ ਹਰਕਿਰਨ ਕੌਰ ਨੇ ਸਾਰੀ ਸੰਗਤ ਨੂੰ ਸ਼ਬਦ 'ਰਾਮਦਾਸ ਸਰੋਵਰ ਨਾਤੇ ਸਭ ਉਤਰੇ ਪਾਪ ਕਮਾਤੇ' ਨਾਲ ਜੋੜਿਆ। ਇਸ ਤੋਂ ਬਾਅਦ ਵਾਰੋ ਵਾਰੀ ਕਾਕਾ ਅਸ਼ਮੀਤ ਸਿੰਘ ਠਕਰਾਲ, ਬੱਚੀ ਇਰਵਨ ਕੌਰ, ਕਾਕਾ ਅੰਮ੍ਰਿਤਪਾਲ ਸਿੰਘ, ਬੱਚੀ ਗੁਰਵਿੰਦਰ ਕੌਰ, ਬੱਚੀ ਕਮਲਜੀਤ ਕੌਰ, ਬੱਚੀ ਅਮਨਦੀਪ ਕੌਰ ਨੇ ਇਕ-ਇਕ ਸ਼ਬਦ ਦੀ ਹਾਜ਼ਰੀ ਭਰੀ। ਕਾਕਾ ਗੁਰਪ੍ਰੀਤ ਸਿੰਘ ਅਤੇ ਬੱਚੀ ਗੁਰਿੰਦਰ ਕੌਰ ਨੇ ਗੁਰੂ ਸਾਹਿਬ ਦੇ ਜੀਵਨ ਉਤੇ ਚਾਨਣਾ ਪਾਇਆ। ਇਸ ਮੌਕੇ ਉਤੇ ਗੁਰਦੁਆਰਾ ਸਾਹਿਬ ਦੇ ਮੌਜੂਦਾ ਕਮੇਟੀ ਮੈਂਬਰਾਂ ਤੋਂ ਇਲਾਵਾ ਸਕੱਤਰ ਸ੍ਰ. ਗੁਰਨਾਮ ਸਿੰਘ ਮੱਦਰ ਵੀ ਹਾਜ਼ਰ ਸਨ। ਪ੍ਰੋਗਰਾਮ ਦੀ ਸਮਾਪਤੀ ਤੋਂ ਬਾਅਦ ਸਕੱਤਰ ਸਾਹਿਬ ਨੇ ਆਈ ਹੋਈ ਸੰਗਤ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਹਾਂਗਕਾਂਗ ਵਿਚ ਬੱਚਿਆਂ ਦਾ ਸਿੱਖੀ ਵੱਲ ਰੁਝਾਨ ਪਿਛਲੇ ਸਾਲਾਂ ਨਾਲੋਂ ਹੁਣ ਕਾਫੀ ਵਧੀਆ ਹੈ। ਇਸ 'ਤੇ ਉਨ੍ਹਾਂ ਨੇ ਬੱਚਿਆਂ ਦੇ ਮਾਤਾ ਪਿਤਾ ਦਾ ਧੰਨਵਾਦ ਕੀਤਾ। ਨਾਲ ਹੀ ਉਨ੍ਹਾਂ ਮਾਸਟਰ ਸ਼ਰਨਜੀਤ ਸਿੰਘ ਦਾ ਬੱਚਿਆਂ ਨੂੰ ਧਾਰਮਿਕ ਸਿੱਖਿਆ ਅਤੇ ਬੱਚਿਆਂ ਪ੍ਰਤੀ ਦੂਜੀਆਂ ਸੇਵਾਵਾਂ ਪ੍ਰਤੀ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਜਿੱਥੇ ਸਾਡੇ ਬੱਚੇ ਵਿੱਦਿਆ ਹਾਸਲ ਕਰ ਰਹੇ ਹਨ ਉਥੇ ਗੁਰੂ ਦੀ ਸਿੱਖਿਆ ਨਾਲ ਜੁੜ ਕੇ ਗੁਰੂ ਘਰ ਦੀਆਂ ਖੁਸ਼ੀਆਂ ਵੀ ਪ੍ਰਾਪਤ ਕਰ ਰਹੇ ਹਨ। ਸਕੱਤਰ ਸਾਹਿਬ ਨੇ ਦੱਸਿਆ ਕਿ ਖਾਲਸਾ ਦੀਵਾਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਐਜੂਕੇਸ਼ਨਲ ਟਰੱਸਟ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਵਿਖੇ ਪੰਜਾਬੀ, ਧਾਰਮਿਕ, ਕੀਰਤਨ ਕਲਾਸਾਂ ਅਤੇ ਕੰਪਿਊਟਰ ਕਲਾਸਾਂ ਪਿਛਲੇ ਕੁਝ ਸਾਲਾਂ ਤੋਂ ਬੜੇ ਸੁਚੱਜੇ ਢੰਗ ਨਾਲ ਚਲਾ ਰਿਹਾ ਹੈ। ਖਾਲਸਾ ਦੀਵਾਨ ਦੇ ਸਕੱਤਰ ਸ੍ਰ. ਗੁਰਨਾਮ ਸਿੰਘ ਮੱਦਰ ਨੇ ਦੱਸਿਆ ਕਿ ਜਿਥੇ ਗੁਰਦੁਆਰਾ ਸਾਹਿਬ ਵਲੋਂ ਬੱਚਿਆਂ ਨੂੰ ਹਰ ਸ਼ਨੀਵਾਰ ਅਤੇ ਐਤਵਾਰ ਪੰਜਾਬੀ ਅਤੇ ਧਾਰਮਿਕ ਕਲਾਸਾਂ ਲੱਗ ਰਹੀਆਂ ਹਨ ਉਥੇ ਹੁਣ ਧਾਰਮਿਕ ਕਲਾਸਾਂ ਇੰਗਲਿਸ਼ ਵਿਚ ਵੀ ਲਗ ਰਹੀਆਂ ਹਨ। ਇਹ ਕਲਾਸਾਂ ਹਰ ਐਤਵਾਰ ਦੁਪਹਿਰ 12.00 ਤੋਂ 12.45 ਲੱਗ ਰਹੀਆਂ ਹਨ। ਪੰਜਾਬੀ ਅਤੇ ਧਾਰਮਿਕ ਕਲਾਸਾਂ ਦਾ ਸਮਾਂ ਹਰ ਸ਼ਨੀਵਾਰ ਅਤੇ ਐਤਵਾਰ 12.00 ਤੋਂ 1.30 ਦਾ ਹੈ। ਸਕੱਤਰ ਸਾਹਿਬ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਵਿਖੇ ਤਕਰੀਬਨ 60 ਤੋਂ ਵੀ ਵੱਧ ਬੱਚੇ ਪੰਜਾਬੀ ਅਤੇ ਧਾਰਮਿਕ ਸਿੱਖਿਆ ਪ੍ਰਾਪਤ ਕਰ ਰਹੇ ਹਨ। ਇਹ ਬੱਚੇ ਹਰ ਮਹੀਨੇ ਖਾਲਸਾ ਦੀਵਾਨ ਹਾਲ ਵਿਚ ਧਾਰਮਿਕ ਪ੍ਰੋਗਰਾਮ ਵੀ ਲਗਾਉਂਦੇ ਹਨ ਜਿਸ ਵਿਚ ਬੱਚੇ ਸ਼ਾਮ ਨੂੰ ਰਹਿਰਾਸ ਦਾ ਪਾਠ, ਸਿਮਰਨ, ਅਰਦਾਸ, ਲੈਕਚਰ, ਕਵਿਤਾਵਾਂ ਅਤੇ ਸ਼ਬਦ ਕੀਰਤਨ ਕਰਦੇ ਹਨ। ਖਾਲਸਾ ਦੀਵਾਨ ਪ੍ਰਬੰਧਕ ਕਮੇਟੀ ਇਨ੍ਹਾਂ, ਬੱਚਿਆਂ ਨੂੰ ਮੌਕੇ ਦੇ ਮੌਕੇ 'ਤੇ ਇਨਾਮ ਹੌਸਲਾ ਅਫਜਾਈ ਵੀ ਕਰਦੀ ਆ ਰਹੀ ਹੈ। ਇਨ੍ਹਾਂ ਸਾਰੇ ਪ੍ਰੋਗਰਾਮ ਨੂੰ ਬੜੇ ਸੁਚੱਜੇ ਢੰਗ ਨਾਲ ਚਲਾਉਣ ਲਈ ਮਾਸਟਰ ਸ਼ਰਨਜੀਤ ਸਿੰਘ, ਸ੍ਰ. ਗੁਲਬੀਰ ਸਿੰਘ ਬਤਰਾ, ਬੀਬੀ ਵਰਪ੍ਰੀਤ ਕੌਰ, ਬੀਬੀ ਮਨਵੀਰ ਕੌਰ ਠਕਰਾਲ ਅਤੇ ਸ੍ਰ. ਇੰਦਰਬੀਠਲ ਸਿੰਘ ਠਕਰਾਲ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਹਾਂਗਕਾਂਗ ਦੇ ਪੰਜਾਬੀ ਵੀਰਾਂ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਇਨ੍ਹਾਂ ਕਲਾਸਾਂ ਵਿਚ ਭੇਜ ਕੇ ਵੱਧ ਤੋਂ ਵੱਧ ਲਾਹਾ ਪ੍ਰਾਪਤ ਕਰਨ।

# ਕਰਉ ਬੇਨੰਤੀਆ

## ਆਪਨੜੈ ਗਿਰੀਵਾਨ ਮੈਂ

ਅੱਜਕਲ੍ਹ ਇਕ ਪੁਸਤਕ ਪੜ੍ਹ ਰਿਹਾ ਹਾਂ। Make A Life - Not Just A Living ਇਸ ਦਾ ਲੇਖਕ ਹੈ- Dr. Ron Jenson, ਬਹੁਤ ਵਧੀਆ ਪੁਸਤਕ ਹੈ। ਇਸ ਵਿਚ ਸਵੈ ਸੁਧਾਰ ਲਈ ਕਈ ਜੁਗਤਾਂ ਬਿਆਨ ਕੀਤੀਆਂ ਹੋਈਆਂ ਹਨ। ਭਾਵੇਂ ਅਸੀਂ ਕਾਫੀ ਕੁਝ ਪਹਿਲਾਂ ਜਾਣਦੇ ਹੁੰਦੇ ਹਾਂ ਪਰ ਦੂਸਰੀ ਭਾਸ਼ਾ ਵਿਚ ਜਾਂ ਦੂਸਰੀ ਸ਼ੈਲੀ ਵਿਚ ਪੜ੍ਹਨ ਸੁਣਨ ਨਾਲ ਉਹ ਗੱਲ ਨਵੀਂ ਜਾਪਦੀ ਹੈ ਅਤੇ ਮਨ ਨੂੰ ਭਾਉਂਦੀ ਹੈ। ਸਾਡਾ ਮਨੋਰਥ ਤਾਂ ਆਪਣਾ ਆਪ ਸੁਧਾਰਨ ਲਈ ਹੈ ਤਾਂ ਜੋ ਅਸੀਂ ਇਕ ਸਫਲ ਜੀਵਨ ਜੀਉਂ ਸਕੀਏ। ਕੋਈ ਚੰਗਾ ਵਿਚਾਰ ਜੇ ਕਿਸੇ ਹੋਰ ਨੇ ਦਿੱਤਾ ਹੈ ਤਾਂ ਉਸ ਨੂੰ ਅਪਨਾਉਣ ਵਿਚ ਹੀ ਬਿਹਤਰੀ ਹੈ।

ਉਪਰੋਕਤ ਪੁਸਤਕ ਵਿਚ ਲੇਖਕ ਨੇ ਆਪਣੇ ਆਪ ਨੂੰ ਪ੍ਰਸ਼ਨ ਕਰਕੇ ਉਨ੍ਹਾਂ ਦੇ ਉੱਤਰ ਲਿਖਣ ਲਈ ਕਿਹਾ ਹੈ:

1) ਤੁਸੀਂ ਆਪਣਾ ਵਿਹਲਾ ਸਮਾਂ ਕਿਵੇਂ ਬਿਤਾਉਂਦੇ ਹੋ?
2) ਤੁਸੀਂ ਆਪਣਾ ਵਾਧੂ ਪੈਸਾ ਕਿਵੇਂ ਖਰਚ ਕਰਦੇ ਹੋ?
3) ਤੁਹਾਡੇ ਹੀਰੋ (ਮਨਪਸੰਦ ਵਿਅਕਤੀ) ਕੌਣ ਹਨ?
4) ਜਦੋਂ ਤੁਸੀਂ ਇਕੱਲੇ ਹੁੰਦੇ ਹੋ ਤਾਂ ਸਭ ਤੋਂ ਵਧ ਕੀ ਸੋਚਦੇ ਹੋ?

ਫਿਰ ਲੇਖਕ ਨੇ ਕੋਈ ਵੀ ਕੰਮ ਕਰਨ ਤੋਂ ਪਹਿਲਾਂ ਚਾਰ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਿਹਾ ਹੈ:

1) ਕੀ ਇਹ ਕਾਨੂੰਨੀ ਤੌਰ ਤੇ ਠੀਕ ਹੈ? ਜੇ ਮੈਂ ਇਹ ਕੰਮ ਕਰਾਂ ਤਾਂ ਦੇਸ਼ ਅਤੇ ਮੇਰੀ ਕੰਪਨੀ ਦੀ ਪਾਲਿਸੀ ਦੇ ਖਿਲਾਫ਼ ਤਾਂ ਨਹੀਂ ਹੋਵੇਗਾ।
2) ਕੀ ਇਹ ਸਭ ਲਈ ਸੁਖਾਵਾਂ ਹੈ? ਅਰਥਾਤ ਕੀ ਇਸ ਕੰਮ ਦਾ ਪ੍ਰਭਾਵ ਵਰਤਮਾਨ ਅਤੇ ਭਵਿੱਖ ਲਈ, ਮੇਰੇ ਅਤੇ ਹੋਰਨਾਂ ਲਈ ਸੁਖਾਵਾਂ ਹੋਵੇਗਾ?
3) ਇਹ ਕੰਮ ਕਰਦਿਆਂ ਮੈਂ ਕਿਵੇਂ ਮਹਿਸੂਸ ਕਰਾਂਗਾ? ਅਰਥਾਤ ਕੀ ਮੈਨੂੰ ਇਸ ਕੰਮ 'ਤੇ ਮਾਣ ਹੋਵੇਗਾ? ਜੇ ਇਸ ਬਾਰੇ ਅਖ਼ਬਾਰ ਵਿਚ ਛਪੇ ਜਾਂ ਮੇਰੇ ਪਰਿਵਾਰ ਨੂੰ ਪਤਾ ਲੱਗੇ ਤਾਂ ਕੀ ਪ੍ਰਭਾਵ ਹੋਵੇਗਾ?
4) ਕੀ ਇਹ ਠੀਕ ਹੈ? ਅਰਥਾਤ ਇਹ ਮੇਰੀ ਅੰਤਰ ਆਤਮਾ ਅਨੁਸਾਰ ਠੀਕ ਹੈ?

ਕੰਮ ਦੇ ਠੀਕ ਗਲਤ ਹੋਣ ਦੀ ਉਹ ਹੋਰ ਕਸਵਟੀ ਦਿੰਦਾ ਹੈ ਕਿ ਕੋਈ ਕੰਮ ਕਰਨ ਤੋਂ ਪਹਿਲਾਂ ਇਹ ਸੋਚੋ ਕਿ ਜੇ ਅੱਜ ਈਸਾ ਮਸੀਹ ਹੁੰਦੇ ਤਾਂ ਉਹ ਇਹ ਕੰਮ ਕਰਦੇ? ਜੇ ਕਰਦੇ ਤਾਂ ਕਿਵੇਂ ਕਰਦੇ? ਇਸ ਬਾਰੇ ਹਰ ਕੋਈ ਆਪਣੇ ਧਾਰਮਿਕ ਆਗੂ ਅਨੁਸਾਰ ਸੋਚ ਸਕਦਾ ਹੈ।

ਹਰ ਕੌਮ ਦੇ ਇਤਿਹਾਸ, ਮਿਥਿਹਾਸ ਵਿਚ ਮਨੁੱਖ ਨੂੰ ਚੰਗੇਰਾ ਬਣਾਉਣ ਲਈ ਅਨੇਕਾਂ ਕਥਨ ਅਤੇ ਉਦਾਹਰਨਾਂ ਮਿਲ ਜਾਂਦੀਆਂ ਹਨ। ਲੋੜ ਤਾਂ ਉਨ੍ਹਾਂ ਨੂੰ ਆਪਣੇ ਜੀਵਨ ਦਾ ਅੰਗ ਬਨਾਉਣ ਦੀ ਹੈ। ਚੰਗੀਆਂ ਪੁਸਤਕਾਂ ਪੜ੍ਹਦਿਆਂ ਪੜ੍ਹਦਿਆਂ ਕੁਝ ਆਪਣੀਆਂ ਗੱਲਾਂ ਯਾਦ ਆ ਜਾਂਦੀਆਂ ਹਨ। ਕੋਸ਼ਿਸ਼ ਹੁੰਦੀ ਹੈ ਕਿ ਅਸੀਂ ਚੰਗੇ ਬਣ ਸਕੀਏ। ਇਹ ਪੁਸਤਕ ਪੜ੍ਹਦਿਆਂ ਫਰੀਦ ਜੀ ਦਾ ਇਹ ਸਲੋਕ ਬਾਰ ਬਾਰ ਯਾਦ ਆਉਂਦਾ ਹੈ:

*ਫਰੀਦਾ ਜੇ ਤੂ ਅਕਲ ਲਤੀਫ ਕਾਲੇ ਲਿਖ ਨਾ ਲੇਖ।*
*ਆਪਨੜੇ ਗਿਰੀਵਾਨ ਮਹਿ ਸਿਰ ਨੀਵਾ ਕਰ ਦੇਖ॥*

# ਗੁਰੂ ਦੇ ਪ੍ਰੇਮ ਦਾ ਰਸ ਮਾਨਣ ਲਈ ਪਉੜੀਆਂ


## ਭਗਵੰਤ ਸਿੰਘ ਦਲਾਵਰੀ

Tapovan, Amravati 444 602 (Maharashtra)


ਕਈ ਵਾਰ ਗੁਰੂ ਆਪ ਆਪਣੀ ਰਹਿਮਤ ਦੀ ਛਹਿਬਰ ਲਾ ਦੇਂਦਾ ਹੈ ਤੇ ਸੁਤੇ ਸਿਧ ਹੀ ਅੰਦਰੋਂ ਨਿਰਮਲ ਗਿਆਨ ਉਪਜ ਪੈਂਦਾ ਹੈ। ਇਕ ਵਾਰ ਕਿਸੇ ਦੱਸਿਆ ਕਿ ਕੋਈ ਸੱਜਣ ਬਾਹਰੋਂ ਆਏ ਹੋਏ ਹਨ ਤੇ ਸਵੇਰੇ-ਸ਼ਾਮ ਵੱਖ-ਵੱਖ ਘਰਾਂ ਵਿਚ ਕੀਰਤਨ ਤੇ ਵੀਚਾਰ ਦੁਆਰਾ ਲੋਕਾਂ ਨੂੰ ਗੁਰੂ ਨਾਲ ਜੋੜਦੇ ਹਨ। ਕਿਉਂਕਿ ਮੈਂ ਆਪਣੀ ਆਕੜ ਵਿਚ ਰਹਿੰਦਾ ਹਾਂ ਤੇ ਹਰ ਪਾਸੋਂ ਆਪਣੇ ਆਪ ਨੂੰ ਸੰਪੂਰਨ ਸਮਝਦਾ ਹਾਂ ਮੈਨੂੰ ਇਹ ਸਾਰੇ ਕੰਮ ਫਜ਼ੂਲ ਲੱਗਦੇ ਹਨ, ਪਰ ਮੇਰੇ ਇਕ ਬੜੇ ਪੁਰਾਣੇ ਮਿਤ੍ਰ ਦੇ ਕਹਿਣ ਤੇ ਮੈਂ ਪੰਚਸ਼ੀਲ ਕਾਲੋਨੀ (ਨਵੀਂ ਦਿੱਲੀ) ਵਿਚ ਇਕ ਦਿਨ ਸ਼ਾਮ ਦੇ ਕੀਰਤਨ ਤੇ ਚਲਾ ਗਿਆ। ਕਿਉਂਕਿ ਮੇਰਾ ਇਕ ਰਿਸ਼ਤੇਦਾਰ ਵੀ ਉਥੇ ਰਹਿੰਦਾ ਹੈ ਮੈਂ ਸੋਚਿਆ ਉਸ ਨਾਲ ਸ਼ਾਮ ਨੂੰ ਗੱਪਸ਼ਪ ਮਾਰ ਕੇ ਲੰਗਰ ਵੇਲੇ ਕੀਰਤਨ ਵਾਲੇ ਘਰ ਪਹੁੰਚ ਜਾਵਾਂਗਾ, ਹਾਜ਼ਰੀ ਵੀ ਲੱਗ ਜਾਏਗੀ ਮੇਰਾ ਦੋਸਤ ਵੀ ਖੁਸ਼ ਹੋ ਜਾਏਗਾ ਤੇ ਆਪਣੇ ਮਨ ਨੂੰ ਇਹ ਭੁਲੇਖਾ ਵੀ ਪਾ ਸਕਾਂਗਾ ਕਿ ਮੈਂ ਧਾਰਮਿਕ ਹਾਂ। ਇਕ ਗੱਲ ਇਹ ਵੀ ਹੈ ਜਿਥੇ-ਜਿਥੇ ਲੋਕੀ ਘਰਾਂ ਵਿਚ ਕੀਰਤਨ ਕਰਵਾਉਂਦੇ ਹਨ, ਮੈਂ ਵੇਖਦਾ ਰਿਹਾ ਹਾਂ ਕਿ ਇਕ ਰਿਵਾਜ਼ਨ ਹੀ ਸਤਿਸੰਗ ਦਾ ਭਰਮ ਹੁੰਦਾ ਹੈ। ਲੋਕ ਗੁਰੂ ਸਾਹਿਬ ਦਾ ਘਰ ਪ੍ਰਕਾਸ਼ ਕਰਕੇ (ਭਾਵੇਂ ਪ੍ਰਕਾਸ਼ ਰੋਜ਼ 8 ਵਜੇ ਹੀ ਕਰਦੇ ਹੋਣ), ਸੁਖਮਨੀ ਸਾਹਿਬ ਨਾਲ ਕਿਟੀ ਪਾਰਟੀਆਂ ਕਰਕੇ ਤੇ ਸਤਿਸੰਗ ਨਾਲ lunch/dinner ਰੱਖ ਕੇ ਆਪਣੇ ਯਾਰਾਂ-ਦੋਸਤਾਂ ਵਿਚ ਸਿੱਕਾ ਜਮਾ ਲੈਂਦੇ ਹਨ ਕਿ ਅਸੀਂ ਧਾਰਮਿਕ ਹਾਂ; ਰਾਗੀ ਜੱਥਾ ਜਾਂ ਕਥਾਕਾਰ ਮੰਗਾ ਲੈਂਦੇ ਹਾਂ ਤੇ ਜਿੰਨਾਂ ਮਹਿੰਗਾ ਜੱਥਾ ਜਾਂ ਕਥਾਕਾਰ ਹੋਵੇ ਤੇ ਜਿੰਨੇ ਵੱਡੇ ਪੈਸਿਆਂ ਦੇ ਢੇਰ ਉਸਦੇ ਸਾਹਮਣੇ ਲਾਏ ਗਏ ਹੋਣ ਉਨ੍ਹਾਂ ਹੀ ਕਾਮਯਾਬ ਸਮਾਗਮ ਸਮਝਿਆ ਜਾਂਦਾ ਹੈ। ਮੈਂ ਸਮਝਿਆ ਇਹੋ ਜਿਹਾ ਹੀ ਕੋਈ ਸਤਿਸੰਗ ਹੋਵੇਗਾ ਤੇ ਉਥੇ ਜਾ ਕੇ ਆਪਣੇ ਕਈ ਕੰਮ ਭੁਗਤਾ ਲਵਾਂਗਾ- ਰਿਸ਼ਤੇਦਾਰਾਂ ਨੂੰ ਮਿਲ ਲਵਾਂਗਾ, ਸਤਿਸੰਗਤ ਵਿਚ 4-5 ਮਿੰਟ ਬੈਠਣ ਤੋਂ ਬਾਅਦ dinner ਖਾ ਆਵਾਂਗਾ ਤੇ ਬਾਅਦ ਵਿਚ ਕਈ ਦੋਸਤ-ਯਾਰ ਮਿਲ ਪੈਣਗੇ ਤੇ ਉਨਾਂ ਨਾਲ ਗੱਪਸ਼ਪ ਮਾਰ ਕੇ ਮਜ਼ਾ ਲਵਾਂਗਾ।

ਪਰ ਇਸ ਕੀਰਤਨ ਸਮਾਗਮ ਦਾ ਅੰਦਾਜ਼ ਹੀ ਕੁਝ ਹੋਰ ਸੀ। 60-70 ਲੋਕ ਵੱਡੇ ਘਰਾਂ ਦੇ ਜੁੜ ਕੇ ਬੈਠੇ ਸਨ ਤੇ ਇਕ ਮਾਮੂਲ ਜਿਹਾ ਭਾਈ ਵਾਜੇ ਦੇ ਪਿੱਛੇ ਬੈਠਾ ਸੀ ਤੇ ਆਸ-ਪਾਸ ਦੋ ਕੁੜੀਆਂ ਛੈਣੇ-ਟੱਲੀਆਂ ਫੜੀ ਬੈਠੀਆਂ ਸਨ। ਨਾ ਕਾਲੀ ਪਗੜੀ, ਨਾ ਕਿਰਪਾਨ ਗਲੇ ਵਿਚ (ਪਤਾ ਲੱਗਾ ਕੁਰਤੇ ਹੇਠ ਉਨ੍ਹਾਂ ਕਿਰਪਾਨ ਪਾਈ ਹੋਈ ਸੀ), ਨਾ ਗਲੇ ਵਿਚ ਪੀਲਾ ਕੱਪੜਾ ਜਾਂ ਹਾਰ ਸੀ। ਮੈਂ ਉਥੇ 6.45 ਤੇ ਪਹੁੰਚ ਗਿਆ ਕਿਉਂਕਿ ਜਿਸ ਰਿਸ਼ਤੇਦਾਰ ਜਾਣਾ ਸੀ ਉਹ ਘਰ ਨਹੀਂ ਸਨ ਸੁ ਮੈਨੂੰ ਮਜ਼ਬੂਰਨ ਡਿਨਰ ਖਾਣ ਤੋਂ ਪਹਿਲਾਂ ਡੇਢ ਘੰਟਾ ਸਤਿਸੰਗ ਵਿਚ ਬੈਠਣਾ ਪਿਆ। ਮੇਰੇ ਵੜਦਿਆਂ ਸਾਰ ਹੀ ਭਾਈ ਸਾਹਿਬ ਕਹਿਣ ਲੱਗੇ, ਚਲੋ 6.45 ਹੋ ਗਏ ਹਨ, ਰਹਿਰਾਸ ਸਾਹਿਬ ਦਾ ਪਾਠ ਕਰ ਲਈਏ। 15 ਮਿੰਟ ਵਿਚ ਰਹਿਰਾਸ ਸਾਹਿਬ ਦਾ ਪਾਠ ਕਰਕੇ ਉਨ੍ਹਾਂ ਕੀਰਤਨ ਸ਼ੁਰੂ ਕੀਤਾ, ਤਬਲੇ ਵਾਲਾ ਵੀ ਕੋਈ ਨਹੀਂ ਸੀ।

***ਕੋਈ ਆਣ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ॥*** (ਪੰਨਾ 757)

ਦਾ ਸ਼ਬਦ ਪੜ੍ਹਿਆ ਫਿਰ ਕਈ ਤੁਕਾਂ ਗੁਰਬਾਣੀ ਵਿਚੋਂ ਗੁਰੂ ਨੂੰ ਮਿਲਣ ਦੀ ਤਾਂਘ ਬਾਰੇ ਪੜ੍ਹੀਆਂ ਤੇ ਇਕ ਦਮ ਬੋਲੇ-ਅੱਜ ਫੇਰ ਗੁਰੂ ਨੇ ਰਹਿਮਤ ਕੀਤੀ ਅਸੀਂ ਸਾਧ ਸੰਗਤ ਦੀ ਚਰਨ ਧੂੜ ਲੈਣ ਵਾਸਤੇ ਇਕੱਠੇ ਹੋਏ ਹਾਂ ਤੇ ਅੱਜ ਇਕ ਘੰਟਾ ਲਗਾਤਾਰ ਇਹ ਵੀਚਾਰਾਂਗੇਂ ਕਿ ਗੁਰੂ ਨੂੰ ਮਿਲਣ ਲਈ ਕਿਹੜੀਆਂ ਗੱਲਾਂ ਕਰਨੀਆਂ ਜ਼ਰੂਰੀ ਹਨ। ਫਿਰ ਮੈਂ ਤ੍ਰਬਕ ਹੀ ਗਿਆ ਜਦ ਉਹ ਅੰਗਰੇਜ਼ੀ ਵਿਚ ਬੋਲੇ, We shall concentrate today on the steps leading to Guru's grace (ਗੁਰੂ ਦੀ ਕਿਰਪਾ ਆਉਣ ਲਈ ਕਿਹੜੇ-ਕਿਹੜੇ ਕਦਮ ਚੁਕਣੇ ਪੈਂਦੇ ਹਨ, ਉਨ੍ਹਾਂ ਬਾਰੇ ਵੀਚਾਰ ਕਰਾਂਗੇ)। ਫਿਰ ***ਮਿਲੁ ਮੇਰੇ ਪ੍ਰੀਤਮਾ ਜੀਉ...*** (ਪੰਨਾ 244) ਸ਼ਬਦ ਪੜ੍ਹਿਆ, ਕਹਿਣ ਲੱਗੇ ਦੇਖੋ ਪਹਿਲਾਂ ਗੁਰੂ ਰਾਮਦਾਸ ਕਹਿ ਰਹੇ ਸਨ ਕਿ ਤਨ-ਮਨ ਕੱਟ-ਕੱਟ ਕੇ ਉਸਨੂੰ ਅਰਪਣ ਕਰ ਦਈਏ ਤੇ ਆਪ ਨੂੰ ਅੱਗ ਵਿਚ ਸਾੜ ਦੇਈਏ ਜਿਹੜਾ ਸਾਨੂੰ ਗੁਰੂ ਨਾਲ ਮਿਲਾਵੇ; ਗੁਰੂ ਅਰਜਨ ਦੇਵ ਜੀ ਕਹਿ ਰਹੇ ਹਨ, ਪ੍ਰਭੂ ਮੈਨੂੰ ਮਿਲੋ, ਤੁਹਾਡੇ

ਬਗੈਰ ਮੈਂ ਨਿਮਾਣਾ ਹਾਂ, ਅੱਖਾਂ ਵਿਚ ਨੀਂਦ ਨਹੀਂ, ਅੰਨ-ਪਾਣੀ ਚੰਗਾ ਨਹੀਂ ਲੱਗਦਾ, ਹਓਕੇ ਭਰਦਾ ਰਹਿੰਦਾ ਹਾਂ, ਆਪ ਨੂੰ ਮਿਲੇ ਬਗੈਰ ਸੁਖ ਹੈ ਹੀ ਨਹੀਂ, ਮੈਂ ਮਿੰਨਤਾਂ ਕਰਦਾ ਹਾਂ ਆਪਣੇ ਗੁਰੂ ਅੱਗੇ- ਜੇ ਆਪ ਨੂੰ ਚੰਗਾ ਲੱਗੇ, ਜਿਸ ਤਰ੍ਹਾਂ ਵੀ ਹੋ ਸਕੇ ਮੈਨੂੰ ਮਿਲਾ ਦਿਉ। ਸੁ, ਕਹਿਣ ਲੱਗੇ ਪਹਿਲੀ ਗੱਲ ਹੈ ਇਹੋ ਜਿਹੀ ਤੜਪ ਹੋਣੀ।

ਫਿਰ ਉਨ੍ਹਾਂ ਪੜ੍ਹਿਆ, ***ਮੇਰੇ ਰਾਮ ਇਹ ਨੀਚ ਕਰਮ ਹਰਿ ਮੇਰੇ*** (ਪੰਨਾ 167) ਕਹਿਣ ਲੱਗੇ ਕਿਵੇਂ ਗੁਰੂ ਸਾਹਿਬ ਆਪਣੇ ਅੰਦਰ ਝਾਤੀ ਮਾਰਨ ਤੇ ਮਜ਼ਬੂਰ ਕਰਦੇ ਹਨ, ਆਪਣੇ ਗੁਨਾਹਾਂ ਦੀ ਘੋਖ-ਪੜਤਾਲ ਕਰਵਾਣਾ ਚਾਹੁੰਦੇ ਹਨ। ਸਾਡੀ ਬਦਕਿਸਮਤੀ, ਅਸੀਂ ਕਦੇ ਆਪਣੇ ਗੁਨਾਹਾਂ ਤੇ ਝਾਤ ਨਹੀਂ ਮਾਰੀ ਦੂਜਿਆਂ ਦੇ ਗੁਨਾਹ ਹਰ ਵੇਲੇ ਵੇਖਦੇ ਹਾਂ ਆਪਣੇ ਗੁਨਾਹ ਜਾਣਦੇ ਹੋਏ ਵੀ ਉਨ੍ਹਾਂ ਵੱਲ ਧਿਆਨ ਨਹੀਂ ਦੇਂਦੇ। ਕਹਿਣ ਲੱਗੇ ਦੂਜਾ step ਹੈ ਗੁਰੂ ਨੂੰ ਮਿਲਣ ਲਈ-ਆਪਣੇ ਗੁਨਾਹਾਂ ਤੇ ਕਰੜੀ ਨਜ਼ਰ ਰੱਖਣੀ ਤੇ ਸ਼ਰਮਿੰਦਗੀ, ਪਛਤਾਵੇ ਵਿਚ ਨਿਮੋਝੂਣ ਹੋ ਜਾਣਾ। ਅੰਗਰੇਜ਼ੀ ਵਿਚ ਕਹਿਣ ਲੱਗੇ, "The moment we look at our own faults, God's grace begins to penetrate" (ਆਪਣੇ ਗੁਨਾਹਾਂ ਤੇ ਨਜ਼ਰ ਮਾਰਨ ਦੀ ਦੇਰ ਹੈ ਕਿ ਪ੍ਰਭੂ ਦੀ ਕਿਰਪਾ ਇਕਦਮ ਉੱਥੇ ਪਹੁੰਚ ਜਾਏਗੀ)।

ਫਿਰ ਭਗਤ ਰਵਿਦਾਸ ਜੀ ਦਾ ਸ਼ਬਦ ਪੜ੍ਹਿਆ-

***ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ॥*** (ਪੰਨਾ 694)

ਕਹਿਣ ਲੱਗੇ ਆਪਣੀ ਪਿਛਲੀ ਜ਼ਿੰਦਗੀ ਜਿਸ ਵਿਚ ਪ੍ਰਭੂ ਤੋਂ ਵਿਛੜ ਅਣਗਹਿਲੀ ਰੱਖੀ ਤੇ ਗੁਰੂ ਦੀ ਗੱਲ ਨਾ ਮੰਨੀ, ਪਾਪਾਂ ਵਿਚ ਫਸੇ ਰਹੇ ਜਿਸ ਕਾਰਨ ਜਨਮ-ਮਰਨ ਦੇ ਗੇੜ 'ਚੋਂ ਨਿਕਲ ਨਹੀਂ ਪਾਏ, ਇਸ ਦਾ ਅਫਸੋਸ ਕਰੀਏ ਤੇ ਇਹ committment ਕਰੀਏ- ਇਹੁ ਜਨਮੁ ਤੁਮ੍ਹਾਰੇ ਲੇਖੇ ਤੇ ਅਰਦਾਸ ਕਰੀਏ-

***ਅਨੇਕ ਜਨਮ ਪਾਪ ਕਰਿ ਭਰਮੇ ਹੁਣਿ ਤਉ ਸਰਣਾਗਤਿ ਆਏ॥***
***ਦਿਆ ਕਰਹੁ ਰਖਿ ਲੇਵਹੁ ਹਰਿ ਜੀਉ ਲਾਗਹਿ ਸਤਿਗੁਰ ਪਾਏ॥*** (ਪੰਨਾ 1114)

ਪ੍ਰਭੂ ਨੂੰ ਸਾਡੀ ਸ਼ਰਮਿੰਦਗੀ, ਸਾਡਾ ਪਛਤਾਵਾ ਬੜਾ ਪਿਆਰਾ ਲੱਗਦਾ ਹੈ ਤੇ ਜੋ ਇਸ ਸ਼ਰਮਿੰਦਗੀ ਤੇ ਪਛਤਾਵੇ ਵਿਚ ਅਥਰੂ ਵੀ ਆ ਜਾਣ ਤਾਂ ਇਹ ਸਾਡੇ ਗੁਨਾਹਾਂ ਨੂੰ ਧੋ ਦੇਂਦੇ ਹਨ। ਗੁਰੂ ਸਾਹਿਬ ਦਾ ਤਾਂ ਹੁਕਮ ਹੈ ਹੀ ਕਿ ਭਾਵੇਂ ਕਰੋੜਾਂ ਗੁਨਾਹ ਹੋਣ ਭਾਵੇਂ ਪਹਾੜਾਂ ਵਰਗੇ ਡਰਾਵਣੇ ਪਾਪ ਕੀਤੇ ਹੋਣ, ਪ੍ਰਭੂ ਦਾ ਨਾਮ ਇਕ ਖਿਨ ਵਿਚ ਮਿਟਾ ਸਕਦਾ ਹੈ-

***ਕੋਟਿ ਪਰਾਧ ਮਿਟੈ ਖਿਨ ਭੀਤਰਿ ਜਾਂ ਗੁਰਮੁਖਿ ਨਾਮੁ ਸਮਾਰੇ॥*** (ਪੰਨਾ 670)

ਅਤੇ

***ਪਰਬਤ ਦੋਖ ਮਹਾ ਬਿਕਰਾਲਾ॥ ਖਿਨ ਮਹਿ ਦੂਰਿ ਕੀਏ ਦਿਆਲਾ॥*** (ਪੰਨਾ 742)

ਸੁ, ਪਹਿਲਾ step ਹੈ ਤੜਪ ਹੋਣਾ, ਦੂਜਾ ਹੈ ਆਪਣੇ ਗੁਨਾਹਾਂ ਦੀ ਸ਼ਰਮਿੰਦਗੀ, ਤੀਜਾ ਹੈ ਆਪਣੀ ਪਿਛਲੀ ਜ਼ਿੰਦਗੀ ਤੇ ਪਿਛਲੇ ਜਨਮਾਂ ਦੀ ਅਣਗਹਿਲੀ ਦਾ ਅਫਸੋਸ ਕਰਦਿਆਂ ਆਪਣਾ ਇਹ ਜਨਮ ਗੁਰੂ ਦੇ ਲੇਖੇ ਲਾ ਦੇਣਾ।

ਚੌਥਾ step ਹੈ-

***ਗੁਰੂ ਕਹੈ ਸੁ ਕਾਰ ਕਮਾਇ ਜੀਉ॥ ਤਿਆਗੇ ਮਨ ਕੀ ਮਤੜੀ ਵਿਸਾਰੇਦੂਜਾ ਭਾਉ ਜੀਉ॥*** (ਪੰਨਾ 763)

ਮਨਮਤਿ ਨੂੰ ਤਿਆਗ ਗੁਰੂ ਦੇ ਹੁਕਮਾਂ ਨੂੰ ਪੱਥਰ ਤੇ ਲਕੀਰ ਸਮਝ ਉਨ੍ਹਾਂ ਤੇ ਪੂਰਾ-ਪੂਰਾ ਅਮਲ ਕਰਨਾ, ਸਵਾਲ-ਜਵਾਬ ਨਹੀਂ ਕਰਨੇ, ਆਪਣੀ ਅਕਲ ਤੇ ਆਪਣੀ ਮਤਿ ਨਹੀਂ ਜਤਾਣੀ। ਅਸੀਂ ਵੇਖਾਂਗੇ ਕਿ ਗੁਰੂ ਆਪ ਹੀ ਆਪਣੇ ਸੇਵਕਾਂ ਦੀ ਲਾਜ ਰੱਖੇਗਾ, ਜਿਵੇਂ ਕਿ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ-

***ਆਪੇ ਮੇਲਿ ਲਏ ਸੁਖਦਾਤਾ ਆਪਿ ਮਿਲਿਆ ਘਰਿ ਆਏ॥***
***ਨਾਨਕ ਕਾਮਣਿ ਸਦਾ ਸੁਹਾਗਣਿ ਨਾ ਪਿਰੁ ਮਰੈ ਨ ਜਾਏ॥*** (ਪੰਨਾ 245)

ਫਿਰ ਯਾਦ ਕਰ ਲਈਏ- ਪਹਿਲੀ ਗੱਲ ਤੜਪ ਹੋਣੀ, ਦੂਜੀ ਗੱਲ ਆਪਣੇ ਗੁਨਾਹਾਂ ਤੇ ਨਜ਼ਰ ਰੱਖ ਕੇ ਸ਼ਰਮਿੰਦਾ ਹੋਣਾ, ਤੀਸਰੀ ਪਿਛਲੇ ਜਨਮਾਂ ਤੇ ਪਹਿਲੀ ਜ਼ਿੰਦਗੀ ਦੇ ਪਾਪਾਂ ਦਾ ਅਫਸੋਸ ਤੇ ਚੌਥੀ ਗੁਰੂ ਦੇ ਹੁਕਮਾਂ ਤੇ ਪੂਰੀ ਤਰ੍ਹਾਂ ਚੱਲਣਾ।

ਜਦੋਂ ਗੁਰੂ ਆਪ ਆਪਣੇ ਸੇਵਕ ਨੂੰ ਮਿਲਾ ਲਏ ਤਾਂ ਪੰਜਵੀਂ ਪਉੜੀ ਪਕੜ ਲਈ ਜਿਸ ਨਾਲ ਅੰਦਰੋਂ ਰਸ ਪ੍ਰਗਟ

ਹੋਵੇ। ਗੁਰੂ ਸਾਹਿਬ ਆਪ ਦੱਸਦੇ ਹਨ ਕਿ ਮੈਨੂੰ ਪ੍ਰੇਮ ਰਸ ਕਿਵੇਂ ਆਇਆ-

*ਸੁਨਹੁ ਲੋਕਾ ਮੈ ਪ੍ਰੇਮ ਰਸੁ ਪਾਇਆ॥*

*ਦੁਰਜਨ ਮਾਰੇ ਵੈਰੀ ਸੰਘਾਰੇ ਸਤਿਗੁਰ ਮੈ ਹਰਿਨਾਮੁ ਦਿਵਾਇਆ॥* (ਪੰਨਾ 370)

ਪਹਿਲਾਂ ਮੇਰੇ ਪਤੀ ਵਾਹਿਗੁਰੂ ਨੇ ਮਾਇਆ (ਸੱਸ) ਕੋਲੋਂ ਜਾਨ ਛੁਡਾਈ, ਫਿਰ ਆਸਾ ਤੇ ਮਨਸਾ (ਦੇਵਰ ਤੇ ਜਿਠਾਣੀ) ਆਪੇ ਹੀ ਮਰ ਗਈਆਂ, ਧਰਮਰਾਜ (ਮੇਰੇ ਜੇਠ) ਦਾ ਡਰ ਵੀ ਮੁਕ ਗਿਆ ਕਿਉਂਕਿ ਸਰਬ ਸ਼ਕਤੀਮਾਨ ਮੇਰੇ ਪਤੀ ਨੇ ਆਪ ਮੇਰੀ ਰੱਖਿਆ ਕੀਤੀ। ਰਸ ਆਇਆ ਕਿਵੇਂ! ਪਹਿਲਾਂ ਅਹੰਕਾਰ ਦੀ ਪ੍ਰੀਤ ਛੱਡੀ, ਫਿਰ ਲੋਕਪਚਾਰਾ ਛੱਡਿਆ ਤੇ ਅੰਦਰੋਂ ਅੰਦਰ ਆਪਣੇ ਗੁਰੂ ਦੇ ਚਰਨਾਂ ਵਿਚ ਬੈਠ ਗੁਰ ਸ਼ਬਦ ਦੇ ਵੀਚਾਰ ਰਾਹੀਂ ਚੋਂਦੇ ਅੰਮ੍ਰਿਤ ਨੂੰ ਮਨ ਨੇ ਪੀਤਾ। ਬਸ ਗੁਰੂ ਦੀ ਰਹਿਮਤ ਹੋਵੇ ਅਸੀਂ ਤੜਪੀਏ ਆਪਣੇ ਗੁਨਾਹਾਂ ਤੋਂ ਸ਼ਰਮਿੰਦਾ ਹੋਈਏ, ਇਹ ਜਨਮ ਗੁਰੂ ਨੂੰ ਭੇਂਟ ਕਰ ਦੇਈਏ, ਗੁਰੂ ਦੇ ਹੁਕਮਾਂ ਤੇ ਚਲੀਏ ਫਿਰ ਮਾਇਆ ਆਸਾ-ਮਨਸਾ, ਲੋਕਪਚਾਰਾ, ਹੰਕਾਰ ਤੋਂ ਛੁੱਟੀ ਲੈ ਲਈਏ ਗੁਰੂ ਦਾ ਪ੍ਰੇਮ ਰਸ ਆਪਣੇ ਆਪ ਚੋਣ ਲੱਗ ਪਵੇਗਾ। ਇਹ ਸਭ ਕੁੱਝ ਕਹਿ ਕੇ ਗੁਰੂ ਦੇ ਪਿਆਰ ਤੇ ਤੇਜ਼ ਵਿਚ ਬੋਲੇ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ ਮੈਂ ਜਿਵੇਂ ਇਕ ਬੁਤ ਬਣਿਆ ਇਨਸਾਨ ਸਾਂ, ਮੇਰੀ ਮਸਤੀ ਨੂੰ ਠੋਕਰ ਲੱਗੀ ਮੈਨੂੰ ਪਤਾ ਹੀ ਨਹੀਂ ਸੀ ਲੱਗਾ ਕਿ ਘੰਟਾ ਬੀਤ ਗਿਆ ਸੀ। ਬੱਤੀਆਂ ਬੰਦ ਸਨ ਵਾਜੇ ਤੇ ਸਿਰਫ ਟੇਬਲ ਲੈਂਪ ਸੀ ਨਾ ਉੱਥੇ ਪੈਸਿਆਂ ਦਾ ਢੇਰ ਸੀ ਨਾ ਕੋਈ ਵਾਹ-ਵਾਹ ਕਰ ਰਿਹਾ ਸੀ। ਪਤਾ ਲੱਗਾ ਕਿ ਉਹ ਭਾਈ ਕਦੇ ਪੈਸੇ ਨਹੀਂ ਲੈਂਦੇ ਤੇ ਕਹਿੰਦੇ ਹਨ ਕਿ ਫਿਟੇ ਮੂੰਹ ਜਿਹੜੇ ਬਾਣੀ ਪੜ੍ਹ-ਸੁਣਾ ਕੇ ਬਦਲੇ ਵਿਚ ਪੈਸਿਆਂ ਦਾ ਵਿਉਪਾਰ ਕਰਦੇ ਹਨ। ਫਿਰ ਉਚੀ ਜਿਹੀ ਇਕ ਤੁਕ ਸੁਣਾਂਦੇ ਹਨ-

*ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ॥* (ਪੰਨਾ 1245)

ਤੇ ਜੋ ਲਿਖ ਕੇ ਵੇਚਣ ਨਾਲ ਮੂੰਹ ਕਾਲਾ ਹੁੰਦਾ ਹੈ ਤਾਂ ਬਾਣੀ ਬੋਲ ਕੇ ਵੇਚਣ ਨਾਲ ਮੂੰਹ ਕਾਲਾ ਨਹੀਂ ਹੁੰਦਾ? ਕੀਰਤਨ ਜਾਂ ਕਥਾ ਦੇ ਪੈਸੇ ਲੈਣੇ ਪੂਜਾ ਧਨ ਖਾਣ ਦੇ ਬਰਾਬਰ ਨਹੀਂ? ਸਗੋਂ ਇਹ ਵੀ ਸੁਣਿਆ ਸੀ ਕਹਿੰਦੇ ਹਨ ਕਿ ਸਿੱਖ ਦਾ profession (ਰੋਟੀ ਕਮਾਉਣ ਦਾ ਜਰੀਆ) ਹੋਣਾ ਹੀ ਕੁਝ ਹੋਰ ਚਾਹੀਦਾ ਹੈ ਅਤੇ ਬਾਣੀ ਪੜ੍ਹਨਾ, ਕੀਰਤਨ ਕਰਨਾ ਕਥਾ ਕਰਨੀ, ਸਿਰਫ ਗੁਰੂ ਦੇ ਪ੍ਰੇਮ ਵਿਚ ਹੋਣਾ ਚਾਹੀਦਾ ਹੈ।

ਮੈਂ ਗੁਰੂ ਨੂੰ ਹਾਜ਼ਰ-ਨਾਜ਼ਰ ਜਾਣ ਕੇ ਕਹਿੰਦਾ ਹਾਂ ਕਿ ਸਾਰੀ ਜ਼ਿੰਦਗੀ ਵਿਚ ਮੈਨੂੰ ਕਦੇ ਇਨ੍ਹਾਂ ਸੁਆਦ ਨਹੀਂ ਸੀ ਆਇਆ ਜਿਨ੍ਹਾਂ ਉਸ ਘੰਟੇ ਵਿਚ ਆਇਆ ਤੇ ਮੈਂ ਰਹਿ ਨਾ ਸਕਿਆ, ਇਕ ਹੋਰ ਬੰਦਾ ਭਾਈ ਸਾਹਿਬ ਨੂੰ ਕਹਿਣ ਲੱਗਾ, "ਤੁਸੀਂ ਵੇਖ ਰਹੇ ਹੋ ਮੇਰੀ ਚਿਟੀ ਦਾਹੜੀ, ਤੁਸੀਂ ਵੇਖ ਰਹੇ ਹੋ ਮੇਰੇ ਗੋਡਿਆਂ ਦੀ ਹਾਲਤ; ਮੈਂ ਸੋਫੇ ਤੇ ਬੈਠਣ ਦੀ ਗੁਸਤਾਖੀ ਕੀਤੀ ਕਿਉਂਕਿ ਥੱਲੇ ਬੈਠ ਨਹੀਂ ਸਕਦਾ। ਮੈਂ ਚੱਲਣ ਤੋਂ ਪਹਿਲਾਂ ਸੋਚਿਆ ਸੀ ਕਿ ਮਰਨ ਦੇ ਕੰਢੇ ਪਹੁੰਚ ਗਿਆ ਹਾਂ, ਅੱਜ ਕੋਈ ਐਸਾ ਵੀਚਾਰ ਮਿਲੇ ਕਿ ਮੈਂ ਗੁਰੂ ਨਾਲ ਜੁੜ ਜਾਵਾਂ ਤੇ ਸਚਮੁਚ ਮੇਰੇ ਲਈ ਤੁਸੀਂ ਪੂਰੀ ਤਰ੍ਹਾਂ ਸਾਫ ਕਰ ਕੇ ਰਾਹ ਦੱਸਿਆ ਹੈ।"

ਮੈਂ ਬੇਮੁਖ ਸਿੱਖ ਵੀ ਪ੍ਰਭਾਵਿਤ ਹੋਇਆ ਤੇ ਮੇਰਾ ਜੀ ਕਰਦਾ ਹੈ ਮੈਂ ਵੀ ਰਸ ਮਾਣ ਸਕਾਂ

*ਕੋਈ ਜਨੁ ਹਰਿ ਸਿਉ ਦੇਵੈ ਜੋਰਿ॥*

*ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਣ ਅਕੋਰਿ॥* (ਪੰਨਾ 701-02)


ਗੁਰ ਸੇਵਾ ਤੇ ਸਦਾ ਸੁਖ ਪਾਇਆ॥

**ਸੇਵਕਸ' ਚੈਰੀਟੇਬਲ ਟਰਸਟ (ਰਜਿ.)**

**Sewaks' Charitable Trust (Regd.)**

HELP NEEDY

Office : SCO : 1104-05, First Floor, Sector: 22-B, Chandigarh - 160 022
Tel.: 0172-701238, 713915, 701396, 612412 Fax: 0172-710739, 655821
e-mail: sewaks@usa.net - website: www.sewaks.faithweb.com

HELP NEEDY

IN THE SERVICE OF HUMANITY

# ਸੀਸ ਦੀਆ-ਸਿਰੜ ਨਾ ਦੀਆ


## ਮਨਮੋਹਨ ਸਿੰਘ ਦਾਊਂ

280, ਫੇਜ਼ 6, ਮੁਹਾਲੀ (ਰੋਪੜ)


ਦਿੱਲੀ ਦੇ ਤਖ਼ਤ ਉਤੇ
ਔਰੰਗੇ ਦੇ ਰਾਜ ਵੇਲੇ
ਸੀ ਜ਼ੁਲਮ ਦੀ ਹਨੇਰੀ,
ਸਾਹਸੀ ਨਾ ਦਿੱਸੇ ਕੋਈ
ਜੋ ਜ਼ੁਲਮ ਠੱਲ, ਸੱਕੇ।

ਪੰਡਿਤ ਕਸ਼ਮੀਰੀਆਂ ਨੇ
ਕੀਤੀ ਫਰਿਆਦ ਅਨੰਦਪੁਰ,
ਸਭ ਕੁਝ ਗੁਰਾਂ ਨੇ ਸੁਣਿਆ
ਗੰਭੀਰ ਚੁੱਪ ਛਾਈ।

.............................

.............................

ਰੱਖੋ ਧਰਮ ਦੀ ਲੱਜਿਆ
ਬਾਲ ਗੋਬਿੰਦ, ਪਿਤਾ ਨੂੰ ਬੋਲੇ।

.............................

.............................

ਫਿਰ ਅਨੂਪਤਾ ਦਾ ਸਾਨੀ
ਤੁਰਿਆ ਅਨੰਦਪੁਰ ਤੋਂ
ਰਾਹਾਂ 'ਤੇ ਚਾਨਣ ਵੰਡਦਾ।

.............................

ਪਹਿਰਾ ਸੀ ਥਾਂ-ਥਾਂ ਉਤੇ
ਸਹਿਮੀ ਸੀ ਪਰਜਾ ਹਾਰੀ,
ਜਬਰ ਤੇ ਜ਼ੁਲਮ ਦੀ
ਔਰੰਗੇ ਨੇ ਜ਼ਿੱਦ ਧਾਰੀ।

ਇਹ ਕੌਣ ਸੀ ਜੋ ਤੁਰਿਆ
ਹਨੇਰੀ ਨੂੰ ਠੱਲ੍ਹ ਪਾਵਣ,
ਨਾਨਕ ਦਾ ਨੂਰ ਨੌਵਾਂ,
ਹਿੰਦ-ਕੌਮ ਨੂੰ ਬਚਾਵਣ।

ਪੈਂਡੇ ਲੰਮੇਰੇ ਗੱਛ ਕੇ
ਦਿੱਲੀ ਦੇ ਤਖ਼ਤ ਸਾਹਵੇਂ,
ਨਿਰਭਉ ਅਡੋਲ ਧਰਮੀ
ਇਕ ਜੋਤ ਉਦੈ ਹੋਈ।

ਸਬਰ ਤੇ ਜਬਰ ਦੀ
ਇਕ ਪਰਖ ਹੋਣ ਲੱਗੀ,
ਤੇਗ ਅਤੇ ਤਲਵਾਰ ਦਾ
ਸਿਰੜ ਅਤੇ ਹੰਕਾਰ ਦਾ
ਇਮਤਿਹਾਨ ਹੋਣ ਲੱਗਾ।
ਇਕ ਹੱਥ ਨੂਰ ਵਾਲਾ
ਪਰਜਾ ਤੇ ਛਾਵਾਂ ਕਰਦਾ,
ਇਕ ਹੱਥ ਖੰਜਰ ਵਾਲਾ
ਜਨੇਊ ਨੂੰ ਕੋਂਹਦਾ ਦਗਦਾ।

ਗੁਰੂ ਦੇ ਸਾਹਵੇਂ ਜ਼ਾਲਮ
ਸਿੱਖੀ ਨੂੰ ਚੀਰਨ ਲੱਗਾ
ਦੇਗੀਂ ਉਬਾਲਣ ਲੱਗਾ
ਅੱਗ ਥੀਂ ਜਲਾਉਣ ਲੱਗਾ
ਪਰ ਸਿੱਖੀ ਨੇ ਸੀ ਨਾ ਕੀਤਾ!

.............................

.............................

ਭਾਣਾ ਗੁਰਾਂ ਨੇ ਮੰਨਿਆ
ਬਾਣੀ ਇਲਾਹੀ ਉਚਰੀ।

.............................

ਕਰ ਲੋ ਇਸਲਾਮ ਧਾਰਨ
ਲਾਲਚ ਦੇ ਪਾਏ ਘੇਰੇ,
ਭੈ-ਭੀਤ ਕਰਨ ਖਾਤਰ
ਜਲਾਦ ਸਨ ਚੁਫੇਰੇ।

ਸੱਤਾ ਦਾ ਗੁਰਜ ਉੱਠਿਆ
ਐਪਰ ਨਾ ਸੂਰਜ ਝੁਕਿਆ,
ਇਕ ਜੋਤ ਲਟ-ਲਟਾਈ
ਵੇਂਹਦੀ ਰਹੀ ਲੋਕਾਈ।

ਅੰਬਰ 'ਚ ਬਿਜਲੀ ਕੜਕੀ
ਝੱਖੜ ਤੂਫਾਨੀ ਆਇਆ,
ਦਿੱਲੀ ਦੀ ਧਰਤ ਉਤੇ
ਸਾਕਾ ਅਦੁੱਤੀ ਹੋਇਆ।

ਤਾਕਤ ਦੇ ਪੌੜ ਹਿੱਲੇ
ਸੀ ਧਰਤ ਰੱਤੜੀ ਰੋਈ,
ਜੈ-ਜੈ ਲੋਕਾਈ ਕੀਤੀ
ਜਿੱਤ ਸਿਦਕੜੇ ਦੀ ਹੋਈ।

...

ਇਕ ਜੈਤਾ ਗੁਰੂ ਪਿਆਰਾ
ਕਰ ਕੇ ਕੁਰਬਾਨੀ ਨਿਆਰੀ
ਲੈ ਸੀਸ ਅਨੰਦਪੁਰ ਧਾਇਆ।
ਤੱਕਿਆ ਕ੍ਰਿਸ਼ਮਾ ਸੰਗਤ
ਰੰਗ ਰੇਟੇ ਬਣਗੇ ਬੇਟੇ,
ਉਠ ਕੀਤਾ ਗੋਬਿੰਦ ਆਦਰ
ਰਾਖਾ ਉਹ ਤੇਗ ਬਹਾਦਰ
ਬਣਿਆ ਜੋ ਹਿੰਦ ਦੀ ਚਾਦਰ!!


**ਸਾਡਾ ਵਿਰਸਾ ਸਾਡਾ ਗੌਰਵ**

(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)

ਮਾਡਲ ਟਾਊਨ ਐਕਸਟੈਨਸ਼ਨ,
ਲੁਧਿਆਣਾ - 141 002

# ਖਾਲਸਾ ਪੰਥ ਕੁਝ ਲੋਕਾਂ ਦੀਆਂ ਚਾਲਾਂ ਤੋਂ ਬਚੇ

ਜੋਗਿੰਦਰ ਸਿੰਘ

146/15-ਏ, ਫਰੀਦਾਬਾਦ 121 007

1. ਗੁਰੂ ਨਾਨਕ ਸਾਹਿਬ ਜੀ ਦੁਆਰਾ ਦਿੱਤੀ ਮਤਿ ਇਹ ਦੱਸਦੀ ਹੈ ਕਿ- ***ਮੂਰਖੈ ਨਾਲਿ ਨ ਲੁਝੀਐ॥੧॥*** ਅਤੇ ***ਫਿਕਾ ਮੂਰਖੁ ਆਖੀਐ..॥*** (ਪੰਨਾ-੪੭੩) ਫਿਰ ਇਸ ਮਤਿ ਨੂੰ ਗੁਰੂ ਅਰਜਨ ਸਾਹਿਬ ਜੀ ਨੇ ਫਿੱਕਾ ਬੋਲਣ ਵਾਲੇ ਪ੍ਰਿਥੀ ਚੰਦ ਪ੍ਰਤੀ ਅਜਮਾਇਆ ਹੋਇਆ ਹੈ। ਆਪ ਜੀ ਫਿੱਕਾ ਬੋਲਣ ਵਾਲੇ ਤੁਛ ਪ੍ਰਿਥੀ ਚੰਦ ਦੇ ਮੂੰਹ ਲੱਗਣ ਦੀ ਥਾਂ ਅੰਮ੍ਰਿਤਸਰ ਛੱਡਕੇ ਵਡਾਲੀ ਆ ਗਏ ਸਨ। ਉਂਜ ਜੇ ਗੁਰੂ ਅਰਜਨ ਸਾਹਿਬ ਆਪਣੇ ਸਿੱਖਾਂ ਨੂੰ ਮਾਮੂਲੀ ਜਿਹਾ ਇਸ਼ਾਰਾ ਵੀ ਕਰ ਦੇਂਦੇ, ਜਾਂ ਫਿਰ ਰੋਕਦੇ ਹੀ ਨਾ, ਤਾਂ ਆਪ ਜੀ ਦੇ ਸਿੱਖਾਂ ਨੇ ਪ੍ਰਿਥੀ ਚੰਦ ਦੀ ਅਲਖ ਮੁਕਾਉਣ ਨੂੰ ਕੋਈ ਬਹੁਤੀ ਦੇਰ ਨਹੀਂ ਕਰਨੀ ਸੀ। ਗੁਰੂ ਅਰਜਨ ਸਾਹਿਬ ਜਾਣਦੇ ਸਨ ਕਿ ਤੁਛ ਪ੍ਰਿਥੀ ਚੰਦ ਨਾਲ ਜੂਝਣ ਲਈ ਉਨ੍ਹਾਂ ਨੂੰ ਆਪਣੀ ਉਚਿਆਂ ਤੋਂ ਉਚੀ ਪਦਵੀ, ਗੁਰੂ ਪਦਵੀ, ਦੇ ਪਦ ਤੋਂ ਧੁਰ ਥੱਲੇ ਤੁਛ ਪ੍ਰਿਥੀ ਚੰਦ ਦੇ ਬਰਾਬਰ ਆਉਣਾ ਹੋਵੇਗਾ। ਇਸ ਕਰਕੇ ਆਪ ਜੀ ਨੇ ਅੰਮ੍ਰਿਤਸਰ ਤੋਂ ਵਡਾਲੀ ਆ ਜਾਣ ਵਾਲੇ ਰਾਹ ਦੀ ਚੋਣ ਕੀਤੀ ਸੀ। ਨਤੀਜਾ ਸਾਡੇ ਸਾਹਮਣੇ ਹੈ, ਫਿੱਕਾ ਬੋਲਣ ਵਾਲੇ ਤੁਛ ਪ੍ਰਿਥੀ ਚੰਦ ਨੂੰ ਕੋਈ ਪੁਛਦਾ ਨਹੀਂ ਤੇ ਮਹਾਨ ਸਫਲ ਗੁਰੂ ਅਰਜਨ ਸਾਹਿਬ ਜੀ ਦੀ ਹਰ ਪਾਸੇ ਜੈ ਜੈ ਕਾਰ ਹੋ ਰਹੀ ਹੈ।

2. ਖਾਲਸੇ ਕੋਲ ਤਾਂ ਸੱਚ ਹੈ। ਸੱਚ ਨੂੰ ਕਾਹਦਾ ਡਰ। ਡਰ ਤਾਂ ਝੂਠੇ ਫਲਸਫੇ ਵਾਲਿਆਂ ਨੂੰ ਹੈ ਕਿਉਂਕਿ ਸੱਚ ਦੇ ਸੂਰਜ ਸਾਹਮਣੇ ਝੂਠ ਦਾ ਹਨੇਰਾ ਖਲੋ ਨਹੀਂ ਸਕਦਾ ਤਾਂ ਤੇ ਕੇਵਲ ਲੋੜ ਹੈ ਸੱਚ ਨੂੰ ਕਾਰਜ ਕੁਸ਼ਲਤਾ ਨਾਲ ਪ੍ਰਚਾਰਨ ਪ੍ਰਸਾਰਨ ਦੀ। ਗੁਰੂ ਨਾਨਕ ਸਾਹਿਬ ਜੀ ਨੇ ਕੁਫਰ ਵਰਤਦੇ ਸੱਜਣ ਠੱਗ ਅਤੇ ਵਲੀ ਕੰਧਾਰੀ ਨੂੰ ਆਪਣੇ ਸੱਚ ਦੀਆਂ ਅਕੱਟ ਤੇ ਪ੍ਰਭਾਵੀ ਦਲੀਲਾਂ ਨਾਲ ਜਿੱਤ ਲਿਆ ਸੀ ਤੇ ਉਹ ਕੁਕਰਮ ਤਿਆਗ ਕੇ ਸਿੱਧੇ ਰਾਹ ਪੈ ਗਏ ਸਨ। ਗੁਰੂ ਨਾਨਕ ਸਾਹਿਬ ਜੀ ਦੇ ਖਾਲਸੇ ਨੂੰ ਵੀ ਗੁਰੂ ਨਾਨਕ ਸਾਹਿਬ ਜੀ ਦੇ ਪੂਰਨਿਆਂ ਤੇ ਚੱਲਣਾ ਚਾਹੀਦਾ ਹੈ ਤੇ ਭਨਿਆਰਾਂ, ਨੂਰਮਹਿਲੀਆਂ ਤੇ ਆਰ ਐਸ ਐਸ ਵਰਗਿਆਂ ਨੂੰ ਆਪਣਾ ਦੁਸ਼ਮਣ ਮੰਨਣ ਦੀ ਬਜਾਏ ਕੁਰਾਹੇ ਪਏ ਅਤੇ ਭੁੱਲੇ ਭਟਕੇ ਸਮਝਣਾ ਚਾਹੀਦਾ ਹੈ ਤੇ ਸੱਚ ਦੀਆਂ ਅਕੱਟ ਤੇ ਪ੍ਰਭਾਵੀ ਦਲੀਲਾਂ ਨਾਲ ਸਿੱਧੇ ਰਾਹ ਪਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਕੇਵਲ ਇਹੋ ਰਾਹ ਹੈ:

***ਨਾ ਕੋਈ ਵੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥*** (ਪੰਨਾ ੧੨੯੯)

ਤੁਛਾਂ ਤੇ ਮੂਰਖਾਂ ਨਾਲ ਸਿੱਧੀ ਲੜਾਈ ਤੁਛਾਂ ਤੇ ਮੂਰਖਾਂ ਨੂੰ ਅਣਉਚਿਤ ਹੀਰੋ ਦਾ ਦਰਜਾ ਦੇਣਾ ਹੈ। ਖਾਲਸਾ ਪੰਥ ਨੂੰ ਆਪਣੇ ਗੁਰੂ ਦੀ ਮਤਿ- ***ਕਲਹਿ ਬੁਰੀ ਸੰਸਾਰਿ ਵਾਦੇ ਖਪੀਐ॥*** (ਪੰਨਾ-੧੪੨) ਅਤੇ ***ਮੂਰਖੈ ਨਾਲਿ ਨ ਲੁਝੀਐ॥੧੯॥*** (ਪੰਨਾ-੪੭੩) ਨੂੰ ਧਿਆਨ ਵਿਚ ਰੱਖਦੇ ਹੋਏ ਸਿੱਧੇ ਮੋਰਚਿਆਂ ਤੋਂ ਬਚਣਾ ਚਾਹੀਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅੰਮ੍ਰਿਤਸਰ ਤੋਂ ਕੀਰਤਪੁਰ ਆ ਜਾਣਾ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਆਨੰਦਪੁਰ ਨੂੰ ਛੱਡ ਦੇਣਾ ਕਲਹਿ ਤੋਂ ਬਚਣ ਦੇ ਸੰਦਰਭ ਵਿਚ ਹੀ ਸੀ। ਇਤਿਹਾਸ ਵਿਚ ਵੀ ਇਹੋ ਹੀ ਪਤਾ ਲੱਗਦਾ ਹੈ ਕਿ ਮੋਰਚੇ ਫਾਇਦਾ ਘੱਟ ਤੇ ਨੁਕਸਾਨ ਜ਼ਿਆਦਾ ਕਰਦੇ ਹਨ।

4. ਇਹ ਦੁਸ਼ਟ ਪ੍ਰਚਾਰ ਹੈ ਕਿ ਖਾਲਸਾ ਲੜਾਕੂ ਹੈ। ਇਹ ਪ੍ਰਚਾਰ ਖਾਲਸੇ ਨੂੰ ਉਕਸਾਉਣ ਤੇ ਭੜਕਾਉਣ ਲਈ ਕੀਤਾ ਜਾਂਦਾ ਹੈ। ਸੱਚ ਤਾਂ ਇਹ ਹੈ ਕਿ ਇਨ੍ਹਾਂ ਚਤਰ ਤੁਛਾਂ ਨੂੰ ਖਾਲਸੇ ਦੀ ਸਫਲਤਾ ਭਾਉਂਦੀ ਨਹੀਂ। ਖਾਲਸਾ ਲੜਾਕੂ ਹੈ ਦਾ ਪ੍ਰਚਾਰ ਚਤਰਾਂ ਦੀ ਚਾਲ ਹੈ ਜਿਸ ਨਾਲ ਉਹ ਆਪ ਪਿੱਛੇ ਸੁਰੱਖਸ਼ਤ ਰਹਿ ਕੇ ਖਾਲਸੇ ਨੂੰ ਆਪਣੇ ਦੁਸ਼ਮਣ ਦੇ ਮੂਹਰੇ ਕਰਕੇ ਮਰਵਾ ਦਿੰਦੇ ਹਨ। ਖਾਲਸਾ ਲੜਾਕੂ ਹੈ ਦਾ ਪ੍ਰਚਾਰ ਚਾਣਕੀਆ ਨੀਤੀ ਹੈ ਜਿਸ ਨਾਲ ਜੇ ਖਾਲਸਾ ਮਾਰਿਆ ਗਿਆ ਤਾਂ ਤੱਦ ਵੀ ਉਹਨਾਂ ਨੂੰ ਫਾਇਦਾ ਤੇ ਜੇ ਉਨ੍ਹਾਂ ਦਾ ਦੁਸ਼ਮਣ ਮਾਰਿਆ ਗਿਆ ਤਾਂ ਤੱਦ ਵੀ ਉਨ੍ਹਾਂ ਨੂੰ ਚੰਗਾ। ਖਾਲਸਾ ਲੜਾਕੂ ਹੈ ਦਾ ਪ੍ਰਚਾਰ ਕਰਨ ਵਾਲਿਆਂ ਦਾ ਹਿਤ ਖਾਲਸੇ ਨਾਲ ਬਿਲਕੁਲ ਨਹੀ ਇਹ ਜੱਗ ਜਾਹਰ ਹੋ ਚੁਕਾ ਹੈ। ਖਾਲਸਾ ਲੜਾਕੂ ਹੈ ਦਾ ਪ੍ਰਚਾਰ ਕਰਨ ਵਾਲਿਆਂ ਦੁਆਰਾ ੧੯੮੪ ਦਾ ਸਿੱਖਾਂ ਦਾ ਕਤਲੇਆਮ

ਤੇ ਦੋਸ਼ੀਆਂ ਨੂੰ ਸਜਾ ਦੀ ਥਾਂਵੇ ਵਿਸ਼ੇਸ਼ ਮਾਨਤਾਵਾਂ ਦੇਣਾ ਇਸ ਦਾ ਸਬੂਤ ਹੈ। ਸੱਚ ਇਹ ਹੈ ਕਿ ਖਾਲਸਾ ਲੜਾਕੂ ਬਿਲਕੁਲ ਨਹੀ। ਖਾਲਸੇ ਦਾ ਗੁਰੂ ਤਾਂ ਤੱਤੀ ਤਵੀ ਤੇ ਬੈਠ ਕੇ ਵੀ ਗਾਉਂਦਾ ਸੀ-

*ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥੨॥੪੨॥੯੩॥* (ਪੰਨਾ-੩੯੪)

ਕੀ ਐਸੇ ਗੁਰੂ ਦੇ ਸਿੱਖ ਕਦੀ ਲੜਾਕੂ ਹੋ ਸਕਦੇ ਹਨ? ਸ਼ਾਂਤੀ ਦੇ ਪੁੰਜ ਦੇ ਸਿੱਖਾਂ ਨੂੰ ਦਿੱਤੀ ਲੜਾਕੂ ਉਪਾਧੀ ਨਿਸ਼ਚੇ ਹੀ ਚਤਰ ਸ਼ਰਾਰਤੀਆਂ ਤੁਛਾਂ ਦਾ ਕੰਮ ਹੈ।

5. ਦੇਹਧਾਰੀ ਗੁਰੂ ਕਹਾਉਣ ਵਾਲੇ ਵੀ ਚਤਰ ਤੁਛਾਂ ਦੀ ਸ਼ਤਰੰਜ ਦੇ ਮੋਹਰੇ ਹਨ ਜਿਨ੍ਹਾਂ ਦੁਆਰਾ ਚਤਰ, ਉਕਸਾ ਕੇ ਤੇ ਭੜਕਾ ਕੇ, ਸਰਕਾਰ ਨਾਲ ਸਿੱਧੀ ਟੱਕਰ ਵਿੱਚ ਪੁਆ ਕੇ, ਖਾਲਸੇ ਨੂੰ ਮਰਵਾਉਣਾ ਚਾਹੁੰਦੇ ਹਨ। ਖਾਲਸਾ ਜੀ ਬਾ-ਮੁਲਾਹਿਜਾ, ਹੋਸ਼ਿਆਰ।

6. ਖਾਲਸਾ ਕਿਸੇ ਵਿਅਕਤੀ ਵਿਸ਼ੇਸ਼ ਜਾਂ ਕਿਸੇ ਧਰਮ ਦੇ ਅਨੁਆਈਆਂ ਨੂੰ ਮਾਰਨ ਵਾਸਤੇ ਜਾਂ ਫਿਰ ਸੁਰੱਖਿਆ ਪ੍ਰਦਾਨ ਕਰਨ ਵਾਸਤੇ ਨਹੀਂ। ਖਾਲਸੇ ਦਾ ਇਕ ਹੀ ਉਦੇਸ਼ ਹੈ ਤੇ ਉਹ ਹੈ ਸਚੁ ਨੂੰ ਧਾਰਨ ਕਰਕੇ ਸਚਿਆਰ ਹੋਣਾ। ਖਾਲਸਾ ਜੀ ਜਰਾ ਸੋਚੋ ਜੋ ਗੁਰੂ ਆਖਦਾ ਹੈ ***ਕਲਹਿ ਬੁਰੀ ਸੰਸਾਰਿ ਵਾਦੇ ਖਪੀਐ॥*** ਉਹ ਕਲਹਿ ਕਰਨ ਦਾ ਉਪਦੇਸ਼ ਕਦੀ ਦੇ ਸਕਦਾ ਹੈ? ਖਾਲਸੇ ਦੀ ਧਾਰਨਾ ਤਾਂ ਹੈ-

*ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥* (ਪੰਨਾ-੧੨੯੯)

ਕਿਡੀ ਵਿਡੰਬਨਾ ਹੈ ਜਿਸ ਖਾਲਸੇ ਦੀ ਸਗਲ ਸੰਗਿ ਬਨਿ ਆਈ ਹੈ ਉਸੇ ਖਾਲਸੇ ਨੂੰ ਹੀ ਕਿਸੇ ਵਿਸ਼ੇਸ਼ ਧਰਮ ਦੇ ਰਖਸ਼ਖਕ ਬਣਨ ਤੇ ਕਿਸੇ ਵਿਸ਼ੇਸ਼ ਧਰਮ ਨੂੰ ਮਾਰ ਮਕਾਉਣ ਲਈ ਉਕਸਾਇਆ ਜਾਂਦਾ ਹੈ। ਸੂਬਾ ਸਰਹਿੰਦ ਨੂੰ ਨਾਲ ਲੈ ਕੇ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਤੇ ਚੜ੍ਹਾਈ ਕੀਤੀ ਜਾਂਦੀ ਹੈ, ਗੁਰੂ ਜੀ ਦੇ ਮਾਸੂਮ ਬੱਚਿਆਂ ਨੂੰ ਸਜਾ ਲਈ ਧੋਖੇ ਨਾਲ ਸੂਬੇ ਦੇ ਹਵਾਲੇ ਕੀਤਾ ਜਾਂਦਾ ਹੈ ਤੇ ਵਕਾਲਤ ਕੀਤੀ ਜਾਂਦੀ ਹੈ ਕਿ ਇਹ ਸੱਪ ਦੇ ਬੱਚੇ ਹਨ ਇਨ੍ਹਾਂ ਨੂੰ ਮਾਰ ਮਕਾਉਣਾ ਹੀ ਠੀਕ ਹੈ ਤੇ ਜਦੋਂ ਸੂਬਾ ਬੱਚਿਆਂ ਨੂੰ ਨੀਹਾਂ ਵਿੱਚ ਚਿਣਾ ਦੇ ਸ਼ਹੀਦ ਕਰ ਦਿੰਦਾ ਹੈ ਤਾਂ ਪ੍ਰਚਾਰ ਕੀਤਾ ਜਾਂਦਾ ਹੈ ਕਿ ਮੁਸਲਮਾਨ ਖਾਲਸੇ ਦੇ ਤੇ ਖਾਲਸਾ ਮੁਸਲਮਾਨਾਂ ਦਾ ਦੁਸ਼ਮਣ ਹੈ। ਹੈ ਨਾ ਇਕ ਤੀਰ ਨਾਲ ਦੋ ਨਿਸ਼ਾਨੇ। ਖਾਲਸੇ ਨੂੰ ਲੋੜ ਹੈ ਐਸੇ ਪ੍ਰਚਾਰਾਂ ਤੋਂ ਸੁਚੇਤ ਰਹਿਣ ਦੀ।

7. ਖਾਲਸੇ ਦਾ ਗੁਰੂ ਨਾਨਕ ਸਾਹਿਬ ਜੀ ਦੁਆਰਾ ਦੱਸੇ ਸੱਚ ਦਾ ਅਜੋਕਾ ਪ੍ਰਚਾਰ ਪ੍ਰਸਾਰ, ਮੇਰੀ ਨਜਰੇ, ਇਸ ਕਰਕੇ ਪ੍ਰਭਾਵੀ ਤੇ ਅਸਰਦਾਰ ਨਹੀਂ ਕਿਉਂ ਜੋ ਤਰਤੀਬ ਠੀਕ ਨਹੀਂ। ਜੋ ਪਹਿਲੋਂ ਹੋਣਾ ਚਾਹੀਦਾ ਹੈ ਉਹ ਕੀਤਾ ਨਹੀਂ ਜਾਂਦਾ ਤੇ ਜੋਰ ਕੇਵਲ ਉਸ ਤੇ ਦਿੱਤਾ ਜਾਂਦਾ ਹੈ ਜੋ ਸੱਭ ਤੋਂ ਆਖਰੀ ਗੱਲ ਹੈ। ਗੁਰੂ ਨਾਨਕ ਸਾਹਿਬ ਜੀ ਦੁਆਰਾ ਦੱਸੇ ਸੱਚ ਦਾ ਪਾਠ ਕ੍ਰਮ ਹੈ ਗੁਰੂ ਗ੍ਰੰਥ ਸਾਹਿਬ, ਗੁਰਦੁਆਰੇ ਇਸ ਪਾਠ ਕ੍ਰਮ ਨੂੰ ਪੜ੍ਹਨ ਦੇ ਸਕੂਲ ਹਨ ਜਿੱਥੇ ਨਿਰਧਾਰਤ ਵਰਦੀ ਹੈ- ਸਾਬਤ ਸੂਰਤ ਤੇ ਦਾਖਲਾ ਫੀਸ ਹੈ- ਸਿਰ ਤਲੀ ਧਰਿ ਆਉਣਾ, ਜੋ ਪਾਠ ਕ੍ਰਮ ਦੀ ਪੜ੍ਹਾਈ ਪੂਰੀ ਕਰ ਲੈਂਦਾ ਹੈ ਉਸ ਦਾ ਇਮਤਿਹਾਨ ਲਿਆ ਜਾਂਦਾ ਹੈ, ਪਾਸ ਹੋ ਗਿਆਂ ਲਈ ਦੀਖਿਆਂਤ ਉਤਸਵ ਰਚਿਆ ਜਾਂਦਾ ਹੈ ਤੇ ਪਾਸ ਹੋਣ ਦੀ ਡਿਗਰੀ- ਪੰਜ ਕਕਾਰੀ ਵਰਦੀ ਬਖ਼ਸ਼ੀ ਜਾਂਦੀ ਹੈ ਤੇ ਦੀਖਿਆਂਤ ਉਤਸਵ ਦਾ ਉਪਾਖਿਆਂਨ ਕੀਤਾ ਜਾਂਦਾ ਹੈ ਖੰਡੇ ਬਾਟੇ ਦਾ ਪਾਹੁਲ ਛਕਾ ਕੇ। ਪਰ ਅਜੋਕਾ ਪ੍ਰਚਾਰ ਪ੍ਰਸਾਰ ਪਹਿਲੀਆਂ ਸਾਰੀਆਂ ਗੱਲਾਂ ਨੂੰ ਅਣਗੋਲੇ ਕਰਕੇ ਕੇਵਲ ਖੰਡੇ ਬਾਟੇ ਦਾ ਪਾਹੁਲ ਛਕਣ ਤੇ ਜੋਰ ਦੇ ਰਿਹਾ ਹੈ, ਤੇ ਇਹੋ ਹੀ ਵਜ੍ਹਾ ਹੈ ਇਸ ਦੇ ਬੇਅਸਰ ਰਹਿਣ ਦੀ। ਖਾਲਸੇ ਨੂੰ ਇਸ ਸੱਚ ਤੇ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ।

8. ਜੋ ਤਾਕਤ ਆਡਾ ਬੰਨ੍ਹਣ ਤੇ ਖਰਚ ਕਰਨੀ ਹੈ ਉਸ ਨਾਲ ਗੁਰੂ ਨਾਨਕ ਸਾਹਿਬ ਜੀ ਦੇ ਦੱਸੇ ਸੱਚ ਦਾ ਸੁਚੱਜੇ ਢੰਗ ਨਾਲ ਪ੍ਰਭਾਵੀ ਪ੍ਰਚਾਰ ਪ੍ਰਸਾਰ ਕੀਤਾ ਜਾਵੇ ਤਾਂ ਕਿ ਖਾਲਸਾ ਪੰਥ ਦਾ ਸਰੀਰ ਐਨਾ ਅਰੋਗ ਹੋਵੇ ਕਿ ਝੂਠੇ ਦੇਹਧਾਰੀਆਂ ਦਾ ਉਲੀ ਰੋਗ ਖਾਲਸਾ ਪੰਥ ਦੇ ਕਿਸੇ ਵੀ ਅੰਗ ਤੇ ਜੰਮ ਹੀ ਨਾ ਸਕੇ ਤੇ ਉਲਟਾ ਦੇਹਧਾਰੀ ਗੁਰੂ ਕਹਾਉਣ ਵਾਲਿਆਂ ਨੂੰ ਲੁਕਣ ਨੂੰ ਥਾਂ ਵੀ ਨਾ ਲੱਭੇ ਕਿਉਂ ਜੋ ਸੱਚ ਇਹ ਹੈ ਕਿ ਇਨ੍ਹਾਂ ਦੇਹਧਾਰੀ ਗੁਰੂਆਂ ਦੇ ਗੁਰੂਆਂ ਦਾ ਗੁਰੂ ੧ਓ ਸੀ, ੧ਓ ਅੱਜ ਵੀ ਹੈ ਤੇ ਅੱਗੇ ਨੂੰ ਹਮੇਸ਼ਾ ਵਾਸਤੇ ਹੋਵੇਗਾ, ਇਸ ਕਰਕੇ ਇਕ ਗੁਰੂ ਦੇ ਹੁੰਦਿਆਂ ਕਿਸੇ ਦੂਜੇ ਗੁਰੂ ਤੇ ਉਹ ਵੀ ਜਿਸਦਾ ਪਤਾ ਨਹੀਂ ਕਿ ਉਸ ਨੇ ਕਦੋਂ ਇਸ ਫਾਨੀ ਦੁਨੀਆਂ ਤੋਂ ਚਲੇ ਜਾਣਾ ਹੈ, ਨੂੰ ਗੁਰੂ ਮੰਨਣ ਦੀ ਕੀ ਲੋੜ ਹੈ? ਖਾਲਸੇ ਦੇ ਪ੍ਰਚਾਰਕ ਇਹ ਸੱਚ ਲੋਕਾਂ ਨੂੰ ਦੱਸਣ ਕਿ ਸੇਧ ਕੇਵਲ ਗੁਰੂ ਗ੍ਰੰਥ ਸਾਹਿਬ ਤੋਂ ਲੈਣੀ ਚਾਹੀਦੀ ਹੈ। □

# ਗੁਰਮਤਿ ਪ੍ਰਚਾਰ ਲਈ ਸਮੱਸਿਆਵਾਂ


## ਸਤਨਾਮ ਸਿੰਘ ਖਾਲਸਾ ਐਡਵੋਕੇਟ

ਡਾਕ: ਰੇਅਨ ਐਂਡ ਸਿਲਕ ਮਿਲਜ, ਸ੍ਰੀ ਅੰਮ੍ਰਿਤਸਰ 143 104


ਸਤਿਗੁਰੂ ਨਾਨਕ ਦੇਵ ਜੀ ਨੇ ਇਲਾਹੀ ਮੂਲ ਮੰਤਰ ਅਤੇ ਇਲਾਹੀ ਸ਼ਬਦ ਦੁਆਰਾ ਸੁਚੱਜੇ ਜੀਵਨ ਦੀ ਜਾਚ ਲਈ ਮਨੁੱਖਾ ਜੀਵਨ ਦੇ ਮਹਾਨ ਹੋਣ ਅਤੇ ਮਨੁੱਖਾ ਜੀਵਨ ਦੇ ਮੰਤਵ ਦੀ ਵਿਆਖਿਆ ਦਰਸਾਈ ਹੈ। ਗੁਰੂ ਜੀ ਨੇ ਆਪ ਸਾਰੇ ਧਰਮਾਂ ਦੀ ਵਿਦਿਆ ਪ੍ਰਾਪਤ ਕੀਤੀ, ਮਹਾਨ ਅਧਿਆਤਮਿਕ ਗਿਆਨੀ ਸਨ, ਆਪ ਸੁਆਸ ਸੁਆਸ ਅਕਾਲਪੁਰਖ ਦਾ ਸ਼ੁਕਰ ਸਿਮਰਨ ਭਗਤੀ, ਬੰਦਗੀ ਇਕ ਮਨ ਇਕ ਚਿਤ ਹੋ ਕੇ ਕੀਤੀ, ਇਲਾਹੀ ਸ਼ਬਦ ਦੇ ਉਪਦੇਸ਼ ਹਰ ਥਾਂ 'ਤੇ ਹਰ ਕਿਸੇ ਮਨੁੱਖ ਮਾਤਰ ਨੂੰ ਆਪ ਜਾ ਕੇ ਦਿੱਤੇ। ਆਪ ਦੇ ਨਾਲ ਇਲਾਹੀ ਸ਼ਬਦ ਦਾ ਕੀਰਤਨ ਕਰਨ ਵਾਲੇ ਭਾਈ ਮਰਦਾਨਾ ਜਾ ਕੀਰਤਨ ਕਰਦੇ ਪਰ ਇਵਜਾਨੇ ਵਜੋਂ ਕਿਸੇ ਤੋਂ ਕੋਈ ਮਾਇਆ ਪਦਾਰਥ ਸ਼ਬਦ ਭੇਟਾ ਵਜੋਂ ਪ੍ਰਵਾਨ ਨਹੀਂ ਕੀਤੇ। ਇਨ੍ਹਾਂ ਨੂੰ ਇਲਾਹੀ ਸ਼ਬਦ ਦਾ ਆਤਮਿਕ ਅਨੰਦ ਰਹਿੰਦਾ ਸੀ। ਗੁਰੂ ਜੀ ਨੇ ਹਰ ਕਿਸੇ ਘਰ ਪਰਿਵਾਰ ਨੂੰ ਇਹੀ ਉਪਦੇਸ਼ ਦਿੱਤੇ ਕਿ ਅਕਾਲ ਪੁਰਖ ਪਿਤਾ ਨਿਰੰਕਾਰ ਵਿਚ ਵਿਸ਼ਵਾਸ਼ ਕਰਨਾ ਹੈ, ਉਸੇ ਦਾ ਸ਼ੁਕਰਾਨਾ ਸਿਮਰਨ ਭਗਤੀ, ਇਕ ਮਨ ਇਕ ਚਿਤ ਹੋ ਕੇ ਕਰਨੀ ਹੈ, ਘਰ ਘਰ ਅੰਦਰ ਧਰਮਸ਼ਾਲਾ ਹੋਵੇ।

*ਏਕੋ ਸਿਮਰਹੁ ਨਾਨਕਾ ਜੋ ਜਲ ਥਲ ਰਿਹਾ ਸਮਾਏ॥*
*ਦੂਜਾ ਕਾਹੇ ਸਿਮਰੀਐ ਜੋ ਜੰਮੈ ਤੇ ਮਰ ਜਾਏ॥*

*ਵਿਸਰਿਆ ਜਿਨ ਨਾਮੁ ਸੇ ਭੁਇ ਭਾਰ ਥੀਏ॥* (ਪੰਨਾ 488)

ਜੋ ਮਨੁੱਖ ਆਪਣੇ ਅਕਾਲ ਪੁਰਖ ਪਿਤਾ ਵਿਚ ਵਿਸ਼ਵਾਸ਼ ਕਰਦੇ ਹਨ ਉਸ ਦਾ ਸ਼ੁਕਰ ਕਰਦੇ ਸਿਮਰਨ ਭਗਤੀ ਕਰਦੇ, ਉਸ ਦੇ ਹੁਕਮ, ਭਾਣੇ ਵਿਚ ਸਬਰ ਸੰਤੋਖ ਨਾਲ ਆਪਸੀ ਪਿਆਰ ਨਾਲ ਰਹਿੰਦੇ ਹਨ, ਵਾਹਿਗੁਰੂ ਅਜਿਹੇ ਸੇਵਕਾਂ ਦੇ ਹਮੇਸ਼ਾ ਅੰਗ ਸੰਗ ਰਹਿੰਦਾ, ਹਰ ਦੁੱਖ ਕਸ਼ਟ ਬਿਪਤਾ ਸਮੇਂ ਆਪ ਰੱਖਿਆ ਕਰਦਾ ਹੈ, ਆਪਣੇ ਸੇਵਕ ਕੀ ਆਪੇ ਰਾਖੇ, ਸੇਵਕ ਕੇ ਭਰਪੂਰ ਜੁਗ ਜੁਗ ਵਾਹਿਗੁਰੂ। ਇਸੇ ਇਲਾਹੀ ਸ਼ਬਦ ਦੇ ਉਪਦੇਸ਼ਾਂ ਅਨੁਸਾਰ ਵੱਡੇ ਵੱਡੇ ਹੰਕਾਰੀਆਂ ਜਾਬਰਾਂ, ਜਾਲਮਾਂ, ਦੁਸ਼ਟਾਂ ਦੀ ਭ੍ਰਿਸ਼ਟ ਬੁੱਧੀ ਨੂੰ ਨਿਰਮਲ ਕਰ ਕੇ ਮਨੁੱਖਾ ਜੀਵਨ ਦਾ ਮੰਤਵ ਦਰਸਾ ਕੇ ਨੇਕ ਅਧਿਆਤਮਿਕ ਪੁਰਸ਼, ਸੰਤ ਭਗਤ, ਪ੍ਰਚਾਰਕ ਬਣਾ ਦਿੱਤਾ। ਧਰਮਸ਼ਾਲਾ ਕਾਇਮ ਕੀਤੀਆਂ ਕਿ ਧਰਮ ਪ੍ਰਚਾਰ ਦੇ ਕਾਰਜ ਹੋਣ ਇਲਾਹੀ ਸ਼ਬਦ ਬਾਣੀ ਦਾ ਵਡਮੁੱਲਾ ਖਜ਼ਾਨਾ ਅੱਜ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਡੇ ਪਾਸ ਸਮੁੱਚੇ ਜੀਵਨ ਜਾਚ ਦੀ ਸੇਧ ਅਗਵਾਈ ਦੇ ਰਿਹਾ ਹੈ। ਪਰ ਕਲਯੁੱਗ ਦਾ ਅਜਿਹਾ ਵਰਤਾਰਾ ਹੈ ਕਿ ਸਾਡੇ ਮਨ ਆਪਣੇ ਸ਼ਬਦ ਗੁਰੂ ਤੋਂ ਬੇਮੁਖ ਹੋ ਕੇ ਕਲਯੁਗੀ ਕਰਤੂਤਾਂ, ਮਾਇਆ ਅਤੇ ਹਕੂਮਤ ਦੀ ਹਵਸ ਵਾਲੇ ਪਾਸੇ ਕਰਤੂਤ ਪਸ਼ੂ ਕੀ ਮਾਨਸ ਜਾਤਿ, ਆਪਸੀ ਨਫਰਤ ਈਰਖਾ, ਧੋਖੇ, ਫਰੇਬ, ਝੂਠ, ਕਪਟ ਵਿਸ਼ਵਾਸ਼ਘਾਤ, ਯਾਰ-ਮਾਰ ਕਰ ਰਹੇ ਹਾਂ, ਵਿਸ਼ੈ ਵਿਕਾਰਾਂ, ਸ਼ਰਾਬ, ਨਸ਼ੇ ਆਯਾਸ਼ੀ ਕਲੱਬਾਂ ਵਿਚ ਆਪਣੇ ਜੀਵਨ ਨਸ਼ਟ ਕਰ ਰਹੇ ਹਾਂ। ਕਾਚਾ ਧਨ ਸੰਚੇ... ਮੂਰਖ ਗਵਾਰ। ਅੱਜ ਸਾਡੇ ਮਕਾਰ ਅਖੌਤੀ ਪੰਥਕ ਲੀਡਰ ਵੀ ਧਰਮੀ ਜੀਵਨ ਦਾ ਤਿਆਗ ਕਰਕੇ ਸਿਆਸੀ ਜੀਵਨ ਵੱਲ, ਕੁਰਸੀਆਂ ਦੀ ਹਵਸ ਵੱਲ ਹੋ ਰਹੇ ਹਨ। ਸਤਿਗੁਰੂ ਨਾਨਕ ਦੇਵ ਜੀ ਨੇ ਸਾਰੀ ਉਮਰ ਸੱਚ ਦਾ ਵਪਾਰ ਕੀਤਾ ਹੈ ਅਤੇ ਹਰ ਮਨੁੱਖ ਨੂੰ ਅਕਾਲ ਪੁਰਖ ਦੀ ਇਲਾਹੀ ਬਾਣੀ ਦੁਆਰਾ ਸੱਚ ਵਪਾਰ ਕਰੋ, ਵਪਾਰੀ ਦੇ ਉਪਦੇਸ਼ ਦਿੱਤੇ ਹਨ, ਅੱਜ ਦੇ ਹੰਕਾਰੀ, ਹੁਸ਼ਿਆਰ, ਮਕਾਰ ਲੀਡਰ, ਆਪਣੇ ਵਪਾਰਕ ਕਾਰੋਬਾਰ ਗੁਰੂ ਨਾਨਕ ਦੇ ਨਾਮ ਤੇ ਗੁਰੂ ਨਾਨਕ ਦੇਸੀ ਘੀ ਸਟੋਰ, ਗੁਰੂ ਨਾਨਕ ਕਰਿਆਨਾ, ਮਾਰਬਲ, ਟੈਂਟ, ਕਰਾਕਰੀ, ਹਾਰਡਵੇਅਰ ਸਵੀਟ-ਸ਼ਾਪ, ਗੁਰੂ ਨਾਨਕ ਕਲਾਥ ਹਾਊਸ, ਢਾਬਾ, ਪੇਪਰ ਮਿਲ, ਮੈਡੀਕਲ ਸਟੋਰ, ਕਲੀਨਿਕ, ਹਸਪਤਾਲ, ਟਿੰਬਰ, ਪਲਾਸਟਿਕ, ਗਲਾਸ, ਪਲਾਈ ਵੁੱਡ ਗੁਰੂ ਨਾਨਕ ਸਟੂਡਿਓ, ਗੁਰੂ ਨਾਨਕ ਸਤਿਸੰਗ ਭਵਨ ਸਭਾ, ਗੁਰੂ ਨਾਨਕ ਪਾਠਸ਼ਾਲਾ, ਸਕੂਲ, ਕਾਲਜ, ਯੂਨੀਵਰਸਿਟੀਆਂ ਚਲਾ ਕੇ ਹਰ ਤਰ੍ਹਾਂ ਦੀਆਂ ਠੱਗੀਆਂ, ਪਖੰਡ, ਹੇਰਾ ਫੇਰੀਆਂ ਕਰ ਰਹੇ ਹਨ। ਵਿਆਹ ਸ਼ਾਦੀ ਦੀਆਂ ਰਸਮਾਂ ਸਮੇਂ ਅਤੇ ਹਰ ਚੋਣਾਂ ਦੇ

ਪ੍ਰਚਾਰ ਸਮੇਂ ਮੀਟ-ਮੁਰਗ, ਸ਼ਰਾਬ, ਵਿਸਕੀ ਦੇ ਲੰਗਰ ਲਗਾਏ ਜਾਂਦੇ ਹਨ।

ਸੰਤਾਂ ਦੇ ਡੇਰਿਆਂ ਅਤੇ ਹਰ ਗੁਰਦੁਆਰੇ ਵਿਚ ਗੁਰਪੁਰਬ ਸਮੇਂ ਸ੍ਰੀ ਅਖੰਡ ਪਾਠਾਂ ਦੀਆਂ ਲੜੀਆਂ ਰੱਖੀਆਂ ਜਾਂਦੀਆਂ ਹਨ, ਪਰ 48 ਘੰਟੇ ਪਾਠ ਦੇ ਸਮੇਂ, ਕੋਈ ਸੱਜਣ ਸੰਗਤ ਪਾਠ ਸੁਣਨ ਵਾਲਾ ਨਹੀਂ ਹੁੰਦਾ, ਪਾਠੀ ਸਿੰਘ ਰਾਤ 12 ਵਜੇ ਤੋਂ ਸਵੇਰੇ 4.00 ਵਜੇ ਤੱਕ ਜੋ ਡਿਊਟੀ ਤੇ ਬੈਠਦੇ, ਊਂਘਦੇ ਅਤੇ ਬੀੜ ਦੇ ਉਪਰ ਹੀ ਸਿਰ ਸੁਟ ਕੇ ਨੀਂਦਰ ਪੂਰੀ ਕਰ ਲੈਂਦੇ ਹਨ। ਇਸ ਤਰ੍ਹਾਂ ਇਲਾਹੀ ਬਾਣੀ ਦੀ ਕਿਤਨੀ ਬੇਅਦਬੀ ਹੋ ਰਹੀ ਹੈ। ਅੱਜ ਹਰ ਧਰਮੀ ਜੀਵਨ ਵਾਲੇ ਗੁਰਸਿੱਖਾਂ ਨੂੰ ਅਜਿਹੇ ਕਲਯੁਗੀ ਹਾਲਾਤ ਵਿਰੁਧ ਸਾਵਧਾਨ ਹੋਣਾ ਜ਼ਰੂਰੀ ਹੈ। ਹਰ ਗੁਰਦੁਆਰੇ ਵਿਚ ਸ਼ੁਧ ਪਾਠ ਕਰਕੇ ਆਖੰਡਪਾਠ ਕਰਨ ਸੰਗਤਾਂ ਬੈਠ ਕੇ ਸੁਣ ਕੇ ਆਨੰਦ ਮਾਣਨ, ਆਪਣੇ ਜੀਵਨ ਵਿਚ ਸੁਧਾਰ ਲਿਆਉਣ, ਹਰ ਗੁਰਦੁਆਰੇ ਦੇ ਪ੍ਰਧਾਨ ਪ੍ਰਬੰਧਕ ਚੰਗੇ ਗੁਰਮਤਿ ਮਿਸ਼ਨਰੀ ਵਿਦਵਾਨ ਧਰਮ ਪ੍ਰਚਾਰ ਦੀ ਭਾਵਨਾ ਵਾਲੇ ਹੋਣ, ਗੁਰੂ ਦੀ ਸਿੱਖਿਆ ਨੂੰ ਧਾਰਨ ਕਰਨਾ ਹੈ।

***ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣੁ ਦੁਖ ਜਾਇ।*** (ਪੰਨਾ 1392)

***ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿਗੁਰ ਕੇ ਭਾਣੇ ਵਿਚ ਆਵੈ॥*** (ਪੰਨਾ 601)

***ਗੁਣ ਗੋਬਿੰਦ ਗਾਇਓ ਨਹੀ ਜਨਮ ਅਕਾਰਥ ਕੀਨ।***

ਗ੍ਰੰਥੀ ਰਾਗੀ ਵੀ ਅਧ-ਪੜ੍ਹ ਵਰਗ ਦੇ ਹੀ ਹਨ ਕਿ ਆਪਣੇਂ ਪਰਿਵਾਰ ਦੇ ਜੀਆਂ ਨੂੰ ਚੰਗੀ ਰੋਟੀ, ਸੰਤਾਨ ਨੂੰ ਚੰਗੀ ਵਿੱਦਿਆ ਵੀ ਨਹੀਂ ਦੇ ਸਕਦੇ। ਗੁਰੂ ਦੀਆਂ ਗੋਲਕਾਂ ਦੀ ਦੁਰਵਰਤੋਂ ਕਰਨ ਲਈ ਮਜ਼ਬੂਰ ਹਨ। ਕੌਮ ਨੂੰ ਅੱਜ ਸਾਰੇ ਗੁਰਦੁਆਰਿਆਂ ਦੇ ਪ੍ਰਬੰਧਕਾਂ ਪ੍ਰਧਾਨਾਂ ਨੂੰ ਅੰਮ੍ਰਿਤ ਛਕਣਾ ਬਹੁਤ ਜ਼ਰੂਰੀ ਹੈ, ਗ੍ਰੰਥੀ, ਰਾਗੀ, ਕਥਾਕਾਰ, ਪ੍ਰਚਾਰਕ ਗੁਰਮਤਿ ਮਿਸ਼ਨਰੀ ਚੰਗੇ ਵਿਦਵਾਨ ਅਧਿਆਪਕ ਜੀਵਨ ਵਾਲੇ ਲਗਾਉਣੇ ਜ਼ਰੂਰੀ ਹਨ। ਇਨ੍ਹਾਂ ਦੇ ਰਹਿਣ-ਸਹਿਣ ਦੇ ਮਿਆਰ ਚੰਗੇ ਹੋਣੇ ਜ਼ਰੂਰੀ ਹਨ। ਕਿਉਂਕਿ ਇਹ ਗੁਰੂ ਦੀਆਂ ਗੋਲਕਾਂ ਨੂੰ ਗੁਰੂ ਦੀ ਅਮਾਨਤ ਸਮਝਣ ਅਤੇ ਦੁਰਵਰਤੋਂ ਕਰਨ ਲਈ ਕੋਈ ਮਜ਼ਬੂਰੀ ਨਾ ਰਹੇ। ਹਰ ਗੁਰਦੁਆਰੇ ਵਿਚ ਇਕ ਗੁਰਮਤਿ ਦੀ ਲਾਇਬ੍ਰੇਰੀ, ਸਿੱਖ ਇਤਿਹਾਸ ਦੀਆਂ ਪੁਸਤਕਾਂ ਹੋਣ। ਅੱਜ ਗੁਰੂ ਦੇ ਹਰ ਸਿੱਖ ਨੂੰ ਆਪਣੇ ਇਸ਼ਟ-ਗੁਰੂ, ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਰੋਜ਼ਾਨਾ ਆਪਣੇ ਘਰਾਂ, ਕੋਠੀਆਂ, ਬੰਗਲਿਆਂ ਵਿਚ ਆਪ ਕਰਨਾ ਜ਼ਰੂਰੀ ਹੈ, ਇਲਾਹੀ ਸ਼ਬਦ-ਬਾਣੀ ਦਾ ਅਸਰ ਸਾਰੇ ਪਰਿਵਾਰ ਛੋਟੇ ਬੱਚਿਆਂ ਤੱਕ ਵੀ ਹੋਵੇ। ਹਰ ਔਰਤ ਆਪ ਸ਼ੁਧ ਪਾਠ, ਸੇਵਾ, ਸਿਮਰਨ ਕਰੇ, ਗਰਭ ਸਮੇਂ ਤੋਂ ਹੀ ਪੈਦਾ ਹੋਣ ਵਾਲੇ ਬੱਚੇ ਦੀ ਆਤਮਾ ਤੇ ਇਲਾਹੀ ਬਾਣੀ ਦਾ ਅਸਰ ਹੁੰਦਾ ਹੈ। ਘਰਾਂ ਦਾ ਮਹੌਲ ਸਬਰ ਸੰਤੋਖ ਸੁਕਰ ਵਾਲਾ ਹੋਣਾ ਜ਼ਰੂਰੀ ਹੈ।

***ਘਾਲਿ ਖਾਇ ਕਿਛੁ ਹਥਹੁ ਦੇਇ***

ਹਰ ਇਲਾਕੇ ਵਿਚ ਗੁਰਮਤਿ ਪ੍ਰਚਾਰ, ਸਭਾ ਸੁਸਾਇਟੀਆਂ, ਸਿੱਖ ਧਰਮ ਦੇ ਗੌਰਵਮਈ ਇਤਿਹਾਸ, ਮਹਾਨਤਾ ਦਾ ਲਿਟਰੇਚਰ ਵੰਡ ਕੇ ਘਰ ਘਰ ਗੁਰੂ ਦੇ ਪ੍ਰਚਾਰ ਕਰਨ।

***ਜਨ ਨਾਨਕੁ ਧੂੜਿ ਮੰਗੇ ਤਿਸੁ ਗੁਰ ਸਿਖ ਕੀ***
***ਜੋ ਆਪ ਜਪੈ ਅਵਰਹ ਨਾਮੁ ਜਪਾਵੈ॥*** (ਪੰਨਾ 306)


Communication Centre
Formal Restaurants
Exhibition Rooms
Accommodation
Informal Eating
Tours & Travels
Conferencing
Floral Shop
Seminars

**THE AROMA**
**Sector: 22 - C, Chandigarh,**
**Ph.:** 700045-48 **Fax :** 0172-700051
**E-mail :** hotelaroma@glide.net.in
**Website :** www.hotelaroma.com

Premium Event Centre
Millennium Centre
Deliberations
Abhinandan
Exporama
Mind Set
Art Craft
Phulkari

*Metres and metres of endless possibilities*

# ਜਿਨ੍ਹਾਂ ਗੁਰਦੁਆਰਿਆਂ ਗੁਰਧਾਮਾਂ ਤੋਂ ਪੰਥ ਵਿਛੜ ਗਿਆ


## ਪ੍ਰੋ: ਨਰਿੰਦਰ ਸਿੰਘ

956, ਫੇਜ਼ 3ਬੀ-2, ਮੁਹਾਲੀ


15 ਅਗਸਤ 1947 ਵਿਚ, ਦੇਸ਼ ਦੇ ਬਟਵਾਰੇ ਸਮੇਂ, ਸਿੱਖ ਕੌਮ ਦੇ ਹਜ਼ਾਰਾਂ ਗੁਰਧਾਮ/ਗੁਰਦੁਆਰੇ ਪਾਕਿਸਤਾਨ ਵਿਚ ਰਹਿ ਗਏ। ਇਨ੍ਹਾਂ ਵਿਚੋਂ ਬਹੁਤ ਸਾਰੇ ਗੁਰਧਾਮ ਵਿਸ਼ੇਸ਼ ਧਾਰਮਿਕ ਮਹਤੱਤਾ ਵੀ ਰੱਖਦੇ ਹਨ। ਇਨ੍ਹਾਂ ਵਿਸ਼ੇਸ਼ ਧਾਰਮਿਕ ਗੁਰਦੁਆਰਿਆਂ ਵਿਚੋਂ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਵੀ ਦੇ ਅਵਤਾਰ ਧਾਰਨ ਦਾ 'ਜਨਮ ਅਸਥਾਨ' ਵੀ ਹੈ। ਇਸ ਕਾਰਨ ਇਸ ਨਗਰ ਦਾ ਨਾਮ ਹੀ 'ਨਨਕਾਣਾ ਸਾਹਿਬ' ਪ੍ਰਚਲਿਤ ਹੋ ਗਿਆ ਹੈ। ਇਸ ਨਗਰ ਵਿਚ ਉਹ ਅਸਥਾਨ ਵੀ ਹੈ ਜਿੱਥੇ ਉਹ ਆਪਣੇ ਹਾਣੀਆਂ ਨਾਲ ਖੇਡਦੇ ਰਹੇ ਹਨ। ਇਸ ਅਸਥਾਨ ਤੇ ਬਣੇ ਗੁਰਦੁਆਰੇ ਦਾ ਨਾਮ 'ਗੁਰਦੁਆਰਾ ਬਾਲ ਲੀਲਾ ਹੈ'। ਇਕ ਹੋਰ ਗੁਰਦੁਆਰਾ ਪੱਟੀ ਸਾਹਿਬ ਦੇ ਨਾਮ ਦਾ ਹੈ ਜਿਥੇ ਸਾਹਿਬਾਂ ਨੇ ਪਾਂਧੇ ਪਾਸ ਬੈਠ ਕੇ ਪੱਟੀ ਲਿਖੀ ਸੀ; ਉਸ ਲਿਖਤ ਦੀ ਵਰਣਮਾਲਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਉਹ ਅਸਥਾਨ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗਊਆਂ ਮੱਝਾਂ ਚਾਰੀਆਂ ਸਨ। ਗੁਰਦੁਆਰਾ ਕਿਆਰਾ ਸਾਹਿਬ ਦੀ ਧਰਤੀ ਤੇ ਇਕ ਜੱਟ ਦੇ ਉਜੜੇ ਹੋਏ ਖੇਤ ਨੂੰ ਹਰਿਆ ਭਰਿਆ ਕਰ ਦਿੱਤਾ ਸੀ। ਚੂਹੜ ਕਾਣੇ ਦੀ ਨਗਰੀ ਵਿਚ ਭੁਖੇ ਸਾਧੂਆਂ ਨੂੰ ਭੋਜਨ ਛਕਾ ਕੇ ਸਿੱਖ ਧਰਮ ਵਿਚ ਸੱਚਾ ਸੌਦਾ ਕਰਨ ਦੀ ਨੀਂਹ ਰੱਖੀ ਸੀ; ਚੂਹੜਕਾਣੇ ਦੇ ਵਿਚ ਇਸ ਜਗ੍ਹਾ ਤੇ "ਗੁਰਦੁਆਰਾ ਸੱਚਾ ਸੌਦਾ" ਹੈ। ਸੱਚਾ ਸੌਦਾ ਕਰਨ ਉਪਰੰਤ ਸ੍ਰੀ ਗੁਰੂ ਨਾਨਕ ਦੇਵ ਜੀ ਘਰੋਂ ਬਾਹਰ ਇਕ ਥਾਂ ਤੇ ਲੁਕ ਬੈਠੇ ਤਾਂ ਜੋ ਪਿਤਾ ਜੀ ਕਰੋਧ ਵਿਚ ਨਾ ਆ ਜਾਣ। ਇਸ ਲੁਕ ਬੈਠਣ ਵਾਲੀ ਥਾਂ ਤੇ ਇਸ ਦੀ ਯਾਦ ਵਿਚ ਬਣੇ ਗੁਰਦੁਆਰੇ ਦਾ ਨਾਮ "ਗੁਰਦੁਆਰਾ ਤੰਬੂ ਸਾਹਿਬ" ਹੈ। ਨਨਕਾਣਾ ਸਾਹਿਬ ਵਿਚ ਇਕ ਗੁਰਦੁਆਰਾ ਛੇਵੀਂ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਿੰਘ ਜੀ ਦੀ ਯਾਦ ਵਿਚ ਹੈ, ਜਿਥੇ ਕਿ ਪਾਤਿਸ਼ਾਹ ਨੇ ਕਸ਼ਮੀਰ ਤੋਂ ਵਾਪਸੀ ਤੇ ਨਨਕਾਣਾ ਸਾਹਿਬ ਦੀ ਯਾਤਰਾ ਕੀਤੀ ਸੀ। ਨਨਕਾਣਾ ਸਾਹਿਬ ਦੇ ਇਹ ਸਭ ਗੁਰਦੁਆਰੇ ਪਾਕਿਸਤਾਨ ਦੇ ਜ਼ਿਲ੍ਹਾ ਸ਼ੇਖੂਪੁਰੇ ਵਿਚ ਹਨ।

ਪਾਕਿਸਤਾਨ ਵਿਚ, ਅਨੇਕਾਂ ਹੋਰ ਐਸੇ ਗੁਰਧਾਮ ਹਨ ਜਿਨ੍ਹਾਂ ਦਾ ਵਿਛੋੜਾ ਸਿੱਖ ਕੌਮ ਲਈ ਅਸਹਿ ਹੈ। ਭਾਈ ਲਾਲੋ ਜੀ ਦਾ ਗੁਰਦੁਆਰਾ ਐਮਨਾਬਾਦ ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨ) ਵਿਚ ਹੈ; ਇੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਾਲੋ ਦੀ ਸੁੱਕੀ ਰੋਟੀ ਵਿਚੋਂ ਦੁੱਧ ਤੇ ਮਲਕ ਭਾਗੋ ਦੇ ਮਾਹਲ ਪੂੜਿਆਂ ਵਿਚੋਂ ਲਹੂ ਕੱਢ ਕੇ ਦਸਾਂ ਨਹੂੰਆਂ ਦੀ ਕਿਰਤ ਦੀ ਮਹਿਮਾ ਦੱਸੀ। ਇਸੇ ਐਮਨਾਬਾਦ ਦੀ ਧਰਤੀ ਤੇ ਗੁਰਦੁਆਰਾ ਰੋੜੀ ਸਾਹਿਬ ਹੈ ਜਿੱਥੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਘੋਰ ਤਪੱਸਿਆ ਕੀਤੀ ਸੀ। (..ਰੋੜਾਂ ਦੀ ਗੁਰ ਕਰੀ ਵਿਛਾਈ) ਸਿਆਲਕੋਟ ਸ਼ਹਿਰ ਵਿਚ ਗੁਰਦੁਆਰਾ ਬੇਰ ਸਾਹਿਬ ਹੈ। ਇੱਥੇ ਸਾਹਿਬ ਗੁਰੂ ਨਾਨਕ ਦੇਵ ਜੀ ਨੇ ਇਕ ਫਕੀਰ ਨੂੰ ਸੁਮੱਤ ਬਖਸ਼ੀ ਸੀ। ਉਸ ਦਾ ਨਾਮ ਪੀਰ ਹਮਜ਼ਾ ਗੋਸ਼ ਸੀ। ਸ਼ਹਿਰ ਦੇ ਕਿਸੇ ਪਰਿਵਾਰ ਦੇ ਘਰ ਪੀਰ ਦੇ ਵਰ ਨਾਲ ਇਕ ਲੜਕਾ ਜਨਮਿਆਂ ਸੀ ਜੋ ਉਨ੍ਹਾਂ ਨੇ ਪੀਰ ਨੂੰ ਚੜ੍ਹਾਉਣ ਵਾਸਤੇ ਮੰਨਿਆ ਹੋਇਆ ਸੀ। ਮੋਹ ਦੇ ਜ਼ੋਰ ਕਾਰਨ ਉਸ ਬੱਚੇ ਦੇ ਮਾਪੇ ਹੁਣ ਆਪਣਾ ਲੜਕਾ ਪੀਰ ਨੂੰ ਦੇਣ ਤੋਂ ਮੁਕਰ ਗਏ ਸਨ। ਫਕੀਰ ਕਰੋਧ ਵਿਚ ਸੀ। ਉਸਨੇ ਸਾਰੇ ਸਿਆਲਕੋਟ ਸ਼ਹਿਰ ਨੂੰ *ਗਰਕ* ਕਰਨ ਦੀ ਠਾਣ ਲਈ ਸੀ। ਹੁਣ ਉਹ ਇਕ ਐਸੇ *ਗੁਬੰਦ* ਜਿਸ ਵਿਚ ਕਿ ਸੂਰਜ ਦੀ ਰੋਸ਼ਨੀ ਨਹੀਂ ਸੀ ਪੁੱਜਦੀ ਤਪ ਕਰਨ ਹਿੱਤ ਬੈਠ ਗਿਆ। ਫਕੀਰ ਨੇ ਇਹ ਤਪ 40 ਦਿਨ ਕਰਨਾ ਸੀ। ਫਿਰ ਇਹ ਚਲੀਹੇ ਦੇ ਬਲ ਨਾਲ ਸਾਰੇ ਸ਼ਹਿਰ ਨੂੰ ਗਰਕ ਕਰਨ ਦੀ ਠਾਣੀ ਹੋਈ ਸੀ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦਿਬ ਦ੍ਰਿਸ਼ਟੀ ਨਾਲ ਫਕੀਰ ਦੀ *ਗੁਬੰਦ* ਵਿਚ ਤ੍ਰੇੜ ਆ ਗਈ ਸੀ। ਸੂਰਜ ਦੀ ਰੋਸ਼ਨੀ ਗੁਬੰਦ ਵਿਚ ਅੰਦਰ ਪੁੱਜ ਗਈ ਤੇ ਹਮਜ਼ਾ ਗੋਸ਼ ਦਾ ਚਲੀਹਾ ਭੰਗ ਹੋ ਗਿਆ ਸੀ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਸੁਮੱਤ ਬਖਸ਼ੀ ਤੇ ਇੰਜ ਹਮਜ਼ਾ ਗੋਸ਼ ਦਾ ਹੰਕਾਰ ਤੋੜ ਕੇ ਸਿੱਧੇ ਰਸਤੇ ਪਾਇਆ ਸੀ। ਇੱਥੇ ਇਕ ਇਤਿਹਾਸਕ ਬੇਰੀ ਵੀ ਮੌਜੂਦ ਹੈ ਤੇ ਗੁਰਦੁਆਰਾ ਸਾਹਿਬ ਦਾ ਨਾਮ ਬੇਰ ਸਾਹਿਬ ਹੈ।

ਸਿੱਖ ਕੌਮ ਦਾ ਇਕ ਵਿਸ਼ੇਸ਼ ਧਾਰਮਿਕ ਅਸਥਾਨ ਜੋ ਪਾਕਿਸਤਾਨ ਵਿਚ ਰਹਿ ਗਿਆ ਹੈ ਉਹ "ਗੁਰਦੁਆਰਾ ਸ੍ਰੀ ਪੰਜਾਂ ਸਾਹਿਬ" ਹੈ। ਇੱਥੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਵਲੀ ਕੰਧਾਰੀ ਨਾਮੀ ਕਰਾਮਾਤੀ ਦਾ ਹੰਕਾਰ ਤੋੜਿਆ ਸੀ। ਵਲੀ ਨੇ ਆਪਣੇ ਤਪ ਨਾਲ ਇਲਾਕੇ ਦਾ ਪਾਣੀ ਆਪਣੀ ਰਹਿਣ ਵਾਲੀ ਇਕ ਪਹਾੜੀ ਦੀ ਚੋਟੀ ਤੇ ਇਕੱਠਾ ਕਰ ਰੱਖਿਆ ਸੀ। ਉਸ ਪਾਸੋਂ ਭਾਈ ਮਰਦਾਨਾ ਜੀ ਦੇ ਪੀਣ ਵਾਸਤੇ ਪਾਣੀ ਮੰਗਿਆ ਤਾਂ ਵਲੀ ਨੇ ਨਾਂਹ ਕਰ ਦਿੱਤੀ। ਸਾਹਿਬਾਂ ਨੇ ਵਲੀ ਦਾ ਸਾਰਾ ਪਾਣੀ ਖਿੱਚ ਲਿਆ। ਜਿਸ ਤੇ ਇਕ ਵੱਡਾ ਪੱਥਰ ਵਲੀ ਕੰਧਾਰੀ ਨੇ ਪਹਾੜੀ ਦੇ ਹੇਠਾਂ ਬੈਠੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਵੱਲ ਰੋੜ੍ਹਿਆ। ਸਾਹਿਬਾਂ ਨੇ ਉਸ ਪੱਥਰ ਨੂੰ ਹੱਥ ਦੇ ਪੰਜੇ ਨਾਲ ਰੋਕ ਦਿੱਤਾ ਅਤੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜੇ ਦਾ ਨਿਸ਼ਾਨ ਉਸ ਪੱਥਰ ਤੇ ਉਭਰ ਆਇਆ। ਇਸ ਗੁਰਦੁਆਰੇ ਵਿਚ ਪੰਜੇ ਵਾਲੀ ਸਿਲ ਮੌਜੂਦ ਹੈ।

ਗੁਰਦੁਆਰਾ ਸ੍ਰੀ ਚੱਕੀ ਸਾਹਿਬ ਐਮਨਾਬਾਦ (ਗੁਜਰਾਂਵਾਲਾ) ਵਿਚ ਉਹ ਅਸਥਾਨ ਹੈ ਜਿੱਥੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੁਗਲ ਬਾਦਸ਼ਾਹ ਬਾਬਰ ਦੀ ਜੇਲ੍ਹ ਵਿਚ ਚੱਕੀ ਪੀਸੀ ਸੀ ਤੇ ਬਾਬਰ ਨੂੰ ਮੁਖਾਤਬ ਕਰਕੇ

***ਏਤੀ ਮਾਰ ਪਈ ਕੁਰਲਾਣੇ ਤੈ ਕੀ ਦਰਦ ਨ ਆਇਆ'*** ਦਾ ਸ਼ਬਦ ਉਚਾਰਨ ਕੀਤਾ ਸੀ।

ਲਾਹੌਰ ਸ਼ਹਿਰ ਵਿਚ ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ ਅਸਥਾਨ ਹੈ। ਇਹ ਗੁਰਦੁਆਰਾ ਚੂਨਾ ਮੰਡੀ ਵਿਚ ਸਥਾਪਿਤ ਸੀ। ਗੁਰੂ ਸਾਹਿਬ ਦੇ ਆਪਣੇ ਘਰ ਵਾਲਾ ਅਸਥਾਨ ਪੰਚਮ ਪਾਤਿਸ਼ਾਹ ਜਿੱਥੇ ਜਾ ਕੇ ਰਿਹਾ ਕਰਦੇ ਸਨ ਉਥੇ ਗੁਰਦੁਆਰਿਆਂ ਦੇ ਨਿਸ਼ਾਨ ਸਨ ਜੋ ਅੱਜਕਲ (ਸੁਣਿਆ ਹੈ ਕਿ ਅਣਗਿਹਲੀ ਕਾਰਨ ਖੰਡਰਾਂ ਦਾ ਰੂਪ ਧਾਰਨ ਕਰ ਚੁੱਕੇ ਹਨ। ਭਾਈ ਤਾਰੂ ਸਿੰਘ ਜੀ ਸ਼ਹੀਦ, ਜਿੰਨ੍ਹਾਂ ਨੇ ਸਿਰ ਦੀ ਖੋਪੜੀ ਲੁਹਾ ਲਈ ਸੀ ਪਰ ਕੇਸ ਕਤਲ ਨਹੀਂ ਸੀ ਹੋਣ ਦਿੱਤੇ। ਉਨ੍ਹਾਂ ਦਾ ਇਕ ਸ਼ਹੀਦੀ ਗੁਰਦੁਆਰਾ ਵੀ ਲਾਹੌਰ ਵਿਚ ਹੈ। ਉਹ ਅਸਥਾਨ ਜਿੱਥੇ ਮੀਰ ਮਨੂੰ ਨੇ ਕੈਦ ਕੀਤੀਆਂ ਸਿੰਘਣੀਆਂ ਦੇ ਬੱਚਿਆਂ ਦੇ ਟੁਕੜੇ ਟੁਕੜੇ ਕਰਾ ਕੇ ਉਨ੍ਹਾਂ ਟੁਕੜਿਆਂ ਦੇ ਹਾਰ ਪਰੋਕੇ ਉਨ੍ਹਾਂ ਸਿਦਕੀ ਮਾਤਾਵਾਂ ਦੇ ਗਲਾਂ ਵਿਚ ਪਵਾ ਦਿੱਤੇ ਸਨ। ਇਨ੍ਹਾਂ ਕੈਦੀ ਸਿੰਘਣੀਆਂ ਨੇ ਸਵਾ ਸਵਾ ਮਣ ਚੱਕੀ ਦਾ ਆਟਾ ਪੀਸ ਕੇ; ਚੱਪਾ ਚੱਪਾ ਰੋਟੀ ਤੇ ਗੁਜ਼ਾਰਾ ਕੀਤਾ ਸੀ ਪਰ ਸਿੱਖੀ ਧਰਮ ਤੋਂ ਸਿਦਕ ਨਹੀਂ ਹਾਰਿਆ ਸੀ; ਇਸ ਅਸਥਾਨ ਤੇ ਉਸਰੇ ਗੁਰਦੁਆਰੇ ਸ਼ਹੀਦ ਸਿੰਘਣੀਆਂ ਦਾ ਵੀ ਲਾਹੌਰ ਸ਼ਹਿਰ ਵਿਚ ਹੀ ਹੈ।

ਛੇਵੀਂ ਪਾਤਸ਼ਾਹੀ ਦਾ ਇਕ ਗੁਰਦੁਆਰਾ ਮੁਜ਼ੰਗ, ਲਾਹੌਰ ਸ਼ਹਿਰ ਵਿਚ ਹੀ ਹੈ। ਇਸ ਅਸਥਾਨ ਤੋਂ ਸਾਈਂ ਮੀਆਂ ਮੀਰ ਜੀ (ਜਿਸ ਪਾਸੋਂ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਨੀਂਹ ਰਖਵਾਈ ਸੀ) ਦੇ ਕਹਿਣ ਤੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਮਾਤਾ ਕੌਲਾਂ ਨੂੰ ਹਰਿਮੰਦਰ ਸਾਹਿਬ ਲਿਆਏ ਸਨ। ਸਾਹਿਬ ਸ੍ਰੀ ਸਤਿਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਣ ਦਾ ਗੁਰਦੁਆਰੇ ਦੇ ਨਾਮ 'ਗੁਰਦੁਆਰਾ ਡੇਹਰਾ ਸਾਹਿਬ' ਲਾਹੌਰ ਸ਼ਹਿਰ ਵਿਚ ਹੈ। ਇੱਥੇ ਸਾਹਿਬ ਨੇ ਜ਼ਬਰ ਦਾ ਮੁਕਾਬਲਾ ਸਬਰ ਨਾਲ ਕਰਦਿਆਂ ਸ਼ਹਾਦਤ ਪ੍ਰਾਪਤ ਕੀਤੀ ਸੀ। ਗੁਰੂ ਸਾਹਿਬ ਨੂੰ 'ਸ਼ਹੀਦਾਂ ਦੇ ਸਿਰਤਾਜ' ਕਹਿੰਦੇ ਯਾਦ ਕਰਦੀ ਸਿੱਖ ਕੌਮ ਦਾ ਇਹ ਪਵਿੱਤਰ ਅਸਥਾਨ ਵੀ ਪਾਕਿਸਤਾਨ ਵਿਚ ਰਹਿ ਗਿਆ ਹੈ। ਭਾਈ ਜੋਗਾ ਸਿੰਘ ਦਸਮ ਪਾਤਿਸ਼ਾਹ ਦਾ ਇਕ ਸਿਦਕੀ ਸਿੱਖ ਹੋਇਆ ਹੈ ਅਤੇ ਇਸ ਦੇ ਮਾਤਾ ਪਿਤਾ ਪਿਸ਼ਾਵਰ ਦੇ ਰਹਿਣ ਵਾਲੇ ਸਨ। ਪਿਸ਼ਾਵਰ ਵਿਚ ਇਕ ਗੁਰਦੁਆਰਾ ਭਾਈ ਜੋਗਾ ਸਿੰਘ ਜੀ ਦਾ ਹੈ। ਇਸ ਅਸਥਾਨ ਤੇ ਭਾਈ ਜੋਗਾ ਸਿੰਘ ਜੀ ਦੀ ਸ਼ਾਦੀ ਹੋ ਰਹੀ ਸੀ ਤੇ ਦਸਮ ਪਾਤਿਸ਼ਾਹ ਜੀ ਦਾ ਹੁਕਮ ਮਿਲਣ ਤੇ ਉਹ ਹੋ ਰਹੀਆਂ ਲਾਵਾਂ ਨੂੰ ਵਿਚੇ ਛੱਡਕੇ ਹੀ ਗੁਰੂ ਸਾਹਿਬ ਵੱਲ ਅਨੰਦਪੁਰ ਸਾਹਿਬ ਤੁਰ ਪਏ ਸਨ। ਫਰੰਟੀਅਰ ਦੇ ਇਲਾਕੇ ਵਿਚ ਗੁਰਦੁਆਰਾ ਭਾਈ ਜੋਗਾ ਸਿੰਘ ਦਾ ਗੁਰਦੁਆਰਾ ਬਹੁਤ ਮਾਨਤਾ ਰੱਖਦਾ ਸੀ। ਸਤਿਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਵਾਲੇ ਅਸਥਾਨ ਤੇ ਬਣਿਆ 'ਗੁਰਦੁਆਰਾ ਕਰਤਾਰਪੁਰ' ਪਾਕਿਸਤਾਨ ਵਿਚ ਹੈ। ਇਹ ਗੁਰਦੁਆਰਾ ਜ਼ਿਲ੍ਹਾ ਗੁਰਦਾਸਪੁਰ ਦੇ ਲਾਗਿਓਂ ਲੰਘ ਰਿਹਾ ਰਾਵੀ ਦਰਿਆ ਦੇ ਪੂਰਬੀ ਕੰਢੇ ਤੇ ਖਲੋ ਕੇ ਪਾਕਿਸਤਾਨ ਵਿਚ ਦਰਿਆ ਦੇ ਪੱਛਮੀ ਕੰਢੇ ਤੇ ਨਜ਼ਰ ਆਉਂਦਾ ਹੈ। ਇਨ੍ਹਾਂ ਗੁਰਧਾਮਾਂ ਤੋਂ ਛੁੱਟ ਸਿੱਖ ਰਾਜ ਤੋਂ ਪਹਿਲਾਂ, ਸਿੱਖ ਰਾਜ ਦੌਰਾਨ ਅਤੇ ਮਗਰੋਂ ਬਣੀਆਂ ਐਸੀਆਂ ਯਾਦਗਾਰਾਂ ਹਨ ਜੋ ਕੌਮ ਨੂੰ ਪ੍ਰਾਣਾ ਵਾਂਗ ਪਿਆਰਦੀਆਂ ਹਨ। ਸਾਰਿਆਂ ਦਾ ਇੱਥੇ ਵਰਣਨ ਕਰਨਾ ਔਖਾ ਹੈ, ਵੰਨਗੀ ਮਾਤਰ ਕੁਝ ਕੁ ਦੀ ਯਾਦ ਸਾਂਝੀ ਕਰਦੇ ਹਾਂ।

ਗੁਜਰਾਂਵਾਲਾ ਵਿਚ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਅਸਥਾਨ ਅਤੇ ਲਾਹੌਰ ਵਿਚ ਉਨ੍ਹਾਂ ਦੀ ਆਪਣੀ ਸਮਾਧੀ ਤੋਂ ਛੁਟ ਉਨ੍ਹਾਂ ਦੇ ਸ਼ਹਿਜ਼ਾਦੇ ਮਹਾਰਾਜਾ ਖੜਕ ਸਿੰਘ ਤੇ ਮਹਾਰਾਜ ਸ਼ੇਰ ਸਿੰਘ ਦੀਆਂ ਸਮਾਧਾਂ ਹਨ ਜਿੱਥੇ ਗੁਰਦੁਆਰਾ ਅਸਥਾਨ ਬਣਿਆ ਹੋਇਆ ਸੀ। ਸਿੱਖ ਕੌਮ ਨੂੰ ਬਾਬਾ ਫਰੀਦ ਜੀ ਦਾ ਅਸਥਾਨ ਸਾਈਂ ਮੀਰ ਤੇ ਰਾਏ ਬੁਲਾਰ ਜੀ ਦੀਆਂ ਯਾਦਾਂ ਉਨੀਆਂ ਹੀ ਪਿਆਰੀਆਂ ਜਿੰਨੀਆਂ ਪਾਕਿਸਤਾਨ ਵਿਚ ਵਸ ਰਹੇ ਮੁਸਲਮਾਨਾਂ ਨੂੰ। ਅਸੀਂ ਇੰਨਾਂ ਸਭ ਅਸਥਾਨ ਦੇ ਖੁੱਲ੍ਹੇ ਦਰਸ਼ਨ ਨਹੀਂ ਕਰ ਸਕਦੇ।

ਉਪਰੋਕਤ ਲਿਖੇ ਗੁਰਧਾਮ, ਗੁਰਦੁਆਰੇ ਆਦਿ ਜੋ ਪਾਕਿਸਤਾਨ ਵਿਚ ਰਹਿ ਗਏ, ਹਜ਼ਾਰਾਂ ਵਿਚ ਕੁਝ ਕੁ ਵੰਨਗੀ ਮਾਤਰ ਹੀ ਲਿਖੇ ਜਾ ਸਕੇ ਹਨ। ਇਨ੍ਹਾਂ ਤੋਂ ਛੁੱਟ ਹੋਰ ਅਨੇਕਾਂ ਯਾਦਗਾਰਾਂ ਹਨ ਜਿਨ੍ਹਾਂ ਤੋਂ ਸਿੱਖ ਪੰਥ ਵਿਛੜ ਚੁੱਕਾ ਹੈ। ਦੇਸ਼ ਦੇ ਬਟਵਾਰੇ ਸਮੇਂ ਸਾਡੇ ਆਗੂ ਆਪਣੀ ਬੇਵਸੀ, ਬੇਸਮਝੀ ਜਾਂ ਗੁਆਂਢੀ ਕੌਮਾਂ ਦੀ ਧੋਖੇਬਾਜ਼ੀ, ਆਪਣੀ ਨੇਕ ਨੀਤੀ ਜਾਂ ਅੰਗਰੇਜ਼ਾਂ ਦੀ ਚਾਲਬਾਜੀ ਨਾਲ ਅਸੀਂ ਆਪਣੇ ਗੁਰਧਾਮ, ਗੁਰਦੁਆਰੇ ਯਾਦਾਂ ਆਦਿ ਪਾਕਿਸਤਾਨ ਵਿਚ ਛੱਡ ਆਏ ਹਾਂ, ਬਾਰੇ ਕੋਈ ਠੋਸ ਫੈਸਲਾ ਨਹੀਂ ਕਰ ਸਕੇ। ਪੰਥ ਪਾਸ ਹੁਣ ਅਕਾਲ ਪੁਰਖ ਅੱਗੇ ਅਰਦਾਸ ਬੇਨਤੀਆਂ ਹੀ ਹਨ ਕੇ ਸੱਚੇ ਪਾਤਿਸ਼ਾਹ ਐਸੇ ਢੋਅ ਬਣਾ ਦੇਣ ਜੋ ਇਨ੍ਹਾਂ ਗੁਰਧਾਮਾਂ ਤੋਂ ਵਿਛੜੇ ਪੰਥ ਨੂੰ ਮਿਲਾਪ ਦਾ ਸਮਾਂ ਪ੍ਰਾਪਤ ਹੋਵੇ। ਲਗਭਗ ਸੱਠ ਸਾਲਾਂ ਤੋਂ ਅਕਾਲ ਪੁਰਖ ਅੱਗੇ ਪੰਥਕ ਅਰਦਾਸਾਂ ਹੋ ਰਹੀਆਂ ਹਨ। "ਹੇ ਅਕਾਲ ਪੁਰਖ! ਆਪਣੇ ਪੰਥ ਦੇ ਸਹਾਈ ਦਾਤਾਰ ਜੀਓ। ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਤੇ ਗੁਰਧਾਮਾਂ ਤੋਂ ਜਿਨ੍ਹਾਂ ਤੋਂ ਪੰਥ ਵਿਛੜ ਗਿਆ ਹੈ ਦੇ ਖੁੱਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ।"

ਅਸੀਂ ਕੁਝ ਨਹੀਂ ਕਰ ਸਕਦੇ। ਅਕਾਲ ਪੁਰਖ ਅੱਗੇ ਬੇਨਤੀਆਂ ਅਰਜ਼ੋਈਆਂ ਹਨ ਕਿ 'ਕੱਦ ਤਾਂ ਸੁਣੀ ਪੁਕਾਰ ਜੀਓ' ਹੋ ਵਰਤੇ। ਇਨ੍ਹਾਂ ਦੇ ਮਿਲਾਪ ਦਾ ਕੋਈ ਢੋਅ ਬਣੇ। □


Hot millions®

Salad Bar & Restaurant

Serving Indian, Chinese, Continental & Italian Food
with a regular Indian & Salad Buffet



For Free Home Delivery
(above Rs. 100/- )



CHD 723333 SALAD BAR 723222
PKL 579888 MOH 264300

CONTAINS NO FRUIT / CONTAINS ADDED FLAVOUR

SCO 76-79,(First Floor) Sector 17-E, Chandigarh. Tel: 723222, 723111, 704858

PEPSI

# Is Indian Classical Music Dying

## Mohan Nadkarni

Reproduced From 'Mirror' (May 1982)

***(Continued from previous issue)***

**For Whom?**

"Renaissance" for whom? For themselves or for their patrons who storm their programmes to show off their affluent status? Strange but true, the glamour and image-building these celebrities create and sustain for themselves pays off with a vengeance. Don't they find themselves lionised by organizers and audiences alike as a "must" in *sangeet sammelans*?

